11

# ਮੁਕਤੀ ਦਾਤੇ ਦੀ ਤਲਾਸ਼

## ਮੱਤੀ 2:1-13, ਇਕ ਨੇੜ ਝਾਤ

ਲੋਕ ਜ਼ਿੰਦਗੀ ਵਿਚ ਮਸ਼ਹੂਰੀ, ਬੇਹਤਰ ਭਵਿੱਖ ਅਤੇ ਖੁਸ਼ੀ ਵਰਗੀਆਂ ਕਈ ਚੀਜ਼ਾਂ ਪਾਉਣ ਦੀ ਤਲਾਸ਼ ਕਰਦੇ ਹਨ। ਪਰ ਯਿਸੂ ਦੇ ਸ਼ਬਦਾਂ ਵਿਚ ਕਹਾਂ ਤਾਂ ''ਸਿਰਫ਼ ਇੱਕੋ ਗੱਲ ਜ਼ਰੂਰੀ ਹੈ'' (ਲੂਕਾ 10:42ੳ) ਅਤੇ ਉਹ ਹੈ, ਪ੍ਰਭੂ ਦੀ ਤਲਾਸ਼। ਪੌਲੁਸ ਨੇ ਮਾਰਸ ਪਹਾੜੀ ਤੇ ਆਪਣੇ ਸੁਣਨ ਵਾਲਿਆਂ ਨੂੰ ਕਿਹਾ ਸੀ ਕਿ ਪ੍ਰਭੂ ''ਆਪੇ ਸਭਨਾਂ ਨੂੰ ਜੀਉਣ, ਸਵਾਸ ਸੱਭੋ ਕੁਝ ਦਿੰਦਾ ਹੈ ... ਕਿ ਉਹ ਖ਼ੁਦਾ ਨੂੰ ਭਾਲਣ'' (ਰਸੂਲਾਂ ਦੇ ਕੰਮ 17:25–27)। ਦਾਊਦ ਨੇ ਦੁਆ ਕੀਤੀ, ''ਹੇ ਪਰਮੇਸ਼ੁਰ, ਤੂੰ ਮੇਰਾ ਪਰਮੇਸ਼ੁਰ ਹੈਂ, ਮੈਂ ਦਿਲ ਤੋਂ ਤੈਨੂੰ ਭਾਲਦਾ ਹਾਂ ...'' (ਜ਼ਬੂਰ 63:1)। ਮੂਸਾ ਨੇ ਇਸਰਾਏਲੀਆਂ ਨੂੰ ਦੱਸਿਆ ਕਿ ''ਤੁਸੀਂ ਉੱਥੇ ਯਹੋਵਾਹ ਆਪਣੇ ਪਰਮੇਸ਼ੁਰ ਦੀ ਭਾਲ ਕਰੋਗੇ ਅਤੇ ਉਹਨੂੰ ਪਾਓਗੇ ਜਦ ਆਪਣੇ ਸਾਰੇ ਮਨ ਨਾਲ ਖੋਜ ਕਰੋਗੇ'' (ਵਿਵਸਥਾਸਾਰ 4:29)।[1]

ਇਸ ਪਾਠ ਵਿਚ ਸਾਨੂੰ ਅਜਿਹੇ ਲੋਕਾਂ ਦੀ ਇਕ ਜਮਾਤ ਮਿਲੇਗੀ, ਜਿਨ੍ਹਾਂ ਨੇ ਖ਼ੁਦਾ ਨੂੰ ''ਆਪਣੇ ਸਾਰੇ ਦਿਲ ਅਤੇ ਆਪਣੀ ਸਾਰੀ ਜਾਨ'' ਨਾਲ ਭਾਲਿਆ (2 ਇਤਿਹਾਸ 15:12)। ਮੈਂ ਇਹ ਹੀ ਕਹਿ ਦਿੱਤਾ ਹੈ ਕਿ ''*ਤਿੰਨ* ਜਣਿਆਂ ਨੇ ਪ੍ਰਭੂ ਨੂੰ ਭਾਲਿਆ'' ਕਿਉਂਕਿ ਉਨ੍ਹਾਂ ਦਾ ਜਿਕਰ ਕਰਦਿਆਂ ''ਤਿੰਨ'' ਦੀ ਗਿਣਤੀ ਦੀ ਵਰਤੋਂ ਹੀ ਹੋਈ ਹੈ। ਤੁਸੀਂ ਅੰਦਾਜ਼ਾ ਲਾ ਲਿਆ ਹੋਵਗਾ ਕਿ ਮੈਂ ਉਨ੍ਹਾਂ ਤਿੰਨ ਨਜੂਮੀਆਂ ਦੀ ਗੱਲ ਕਰ ਰਿਹਾ ਹਾਂ, ਜਿਹੜੇ ਬੈਤਲਹਮ ਵਿਚ ਯਿਸੂ ਦੇ ਦਰਸ਼ਨ ਨੂੰ ਆਏ ਸਨ।

ਇਹ ਸਰਮਨ ਅਸਾਨ ਹੈ: ਮੈਂ ਇਹ ਜ਼ੋਰ ਦੇਣਾ ਚਾਹਾਂਗਾ ਕਿ ਉਨ੍ਹਾਂ ਨਜੂਮੀਆਂ ਨੇ ਯਿਸੂ ਨੂੰ ਭਾਲਿਆ, ਉਨ੍ਹਾਂ ਯਿਸੂ ਨੂੰ ਪਾਇਆ, ਉਨ੍ਹਾਂ ਯਿਸੂ ਨੂੰ ਸਿਜਦਾ ਕੀਤਾ, ਜਿਸ ਕਰਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਬਰਕਤਾਂ ਮਿਲੀਆਂ।[2] ਮੈਂ ਇਹ ਸੁਝਾਅ ਦੇਣਾ ਚਾਹਾਂਗਾ ਕਿ ਮੈਨੂੰ ਅਤੇ ਤੁਹਾਨੂੰ ਉਨ੍ਹਾਂ ਦੇ ਉਸ ਨਮੂਨੇ ਦੀ ਨਕਲ ਕਰਨੀ ਚਾਹੀਦੀ ਹੈ। ਇਹ ਕਹਾਣੀ ਬੜੀ ਮਸ਼ਹੂਰ ਹੈ, ਇਸ ਲਈ ਮੈਂ ਉਨ੍ਹਾਂ ਗੱਲਾਂ ਤੇ ਬਹੁਤਾ ਜ਼ੋਰ ਨਹੀਂ ਦਿਆਂਗਾ[3] ਜੋ ਪਹਿਲਾਂ ਪਤਾ ਹਨ, ਪਰ ਇਹ ਸਵਾਲ ਮੈਂ ਜ਼ਰੂਰ ਪੁੱਛਾਂਗਾ ਕਿ ''ਕੀ ਅਸੀਂ ਉਨ੍ਹਾਂ ਜਿੰਨੇ ਸਿਆਣੇ ਹਾਂ?''[4]

### ਉਨ੍ਹਾਂ ਯਿਸੂ ਨੂੰ ਭਾਲਿਆ (ਆਇਤਾਂ 1-9, 11, 13)

#### ਨਜੂਮੀ

ਹੇਰੋਦੇਸ ਬਾਦਸ਼ਾਹ ਦੇ ਦਿਨਾਂ ਵਿਚ ਯਹੂਦੀਆ ਦੇ ਬੈਤਲਹਮ ਵਿਚ ਯਿਸੂ ਦੇ ਜਨਮ ਦੇ ਬਾਅਦ, ਪੂਰਬ ਵਿੱਚੋਂ ਕਈ ਨਜੂਮੀ ਯਰੂਸ਼ਲਮ ਵਿਚ ਆ ਕੇ ਪੁੱਛਣ ਲੱਗੇ, ''ਜਿਹੜਾ ਯਹੂਦੀਆਂ ਦਾ ਬਾਦਸ਼ਾਹ ਜੰਮਿਆ ਹੈ ਉਹ ਕਿੱਥੇ ਹੈ? ਕਿਉਂ ਜੋ ਅਸਾਂ ਚੱੜ੍ਹਦੇ ਪਾਸੇ ਉਸ ਦਾ ਤਾਰਾ ਡਿੱਠਾ ਹੈ ਅਤੇ ਉਸ ਨੂੰ ਸਜਦਾ ਕਰਨ ਆਏ ਹਾਂ'' (ਆਇਤਾਂ 1, 2)।

ਉਨ੍ਹਾਂ ਲੋਕਾਂ ਤੇ ਜਿਨ੍ਹਾਂ ਯਿਸੂ ਨੂੰ ਭਾਲਿਆ, ਚਰਚਾ ਕਰਨ ਲਈ ਸਾਨੂੰ ਚਾਹੀਦਾ ਹੈ ਕਿ ਕੁਝ ਸਮਾਂ ਦਈਏ। ਉਨ੍ਹਾਂ ਨਜੂਮੀਆਂ ਜਾਂ ਬੁੱਧੀਜੀਵੀਆਂ ਬਾਰੇ ਇੰਨੀਆਂ ਰਵਾਇਤਾਂ ਬਣ ਚੁਕੀਆਂ ਹਨ ਕਿ ਮੱਤੀ 2 ਅਧਿਆਇ ਵਾਲੇ ਉਹ ਮੂਲ ਦਰਸ਼ੀ ਅਲੋਪ ਜਿਹੇ ਹੋ ਗਏ ਜਾਪਦੇ ਹਨ।[5]

ਉਨ੍ਹਾਂ ਨੂੰ ''ਜੋਤਸ਼ੀ'' (magi) ਆਖਿਆ ਗਿਆ ਹੈ।[6] ਮੇਰੀ ਉਹ ਸ਼ਬਦ ਹੈ, ਜਿਸ ਤੋਂ ਅੰਗ੍ਰੇਜ਼ੀ ਦੇ ''ਮੈਜਿਕ'' ਅਤੇ ''ਮੈਜੀਸ਼ਿਅਨ'' ਸ਼ਬਦ ਨਿੱਕਲੇ ਹਨ। ਉਸ ਜ਼ਮਾਨੇ ਵਿਚ magi ਕਿਸੇ ਗਿਆਨ ਅਤੇ ਅਨੁਭਵ ਲਈ ਮਸ਼ਹੂਰ ਹੁੰਦੇ ਸਨ, ਜਿਸ ਕਰਕੇ ਅਸੀਂ ਕਈ ਵਾਰ ਉਨ੍ਹਾਂ ਨੂੰ ''ਨਜੂਮੀ'' ਜਾਂ ''ਪੰਡਿਤ'' ਵੀ ਆਖਦੇ ਹਾਂ। ਅੱਜ ਦੇ ਮਾਪਦੰਡਾਂ ਮੁਤਾਬਕ ਵਿਗਿਆਨ ਅਤੇ ਅੰਧਵਿਸ਼ਵਾਸ ਦੇ ਮੇਲ ਹੋਣ ਕਰਕੇ ਉਨ੍ਹਾਂ ਦਾ ਗਿਆਨ ਨੁਕਸਦਾਰ ਸੀ। ਫਿਰ ਵੀ ਬੁੱਧ ਲਈ ਉਹ ਸਨਮਾਨਿਤ ਲੋਕ ਸਨ ਅਤੇ ਕਈ ਵਾਰ ਬਾਦਸ਼ਾਹਾਂ ਦੇ ਸਲਾਹਕਾਰ ਦੇ ਰੂਪ ਵਿਚ ਕੰਮ ਕਰਦੇ ਸਨ।

ਇਹ ਵਿਚਾਰ ਮਸ਼ਹੂਰ ਹੈ ਕਿ ਇਹ ਤਿੰਨ ਨਜੂਮੀ ਸਨ– ਸ਼ਾਇਦ ਇਸ ਲਈ ਕਿਉਂਕਿ ਅੱਗੇ ਤਿੰਨ ਤੋਹਫ਼ਿਆਂ ਦਾ ਜ਼ਿਕਰ ਹੈ (ਆਇਤ 11), ਪਰ ਤਿੰਨ ਤੋਹਫ਼ੇ ਕੁਝ ਜਾਂ ਕਈ ਲੋਕਾਂ ਵੱਲੋਂ ਵੀ ਦਿੱਤੇ ਗਏ ਹੋ ਸਕਦੇ ਹਨ। ''ਜੋਤਸ਼ੀ'' ਜਾਂ magi ਸ਼ਬਦ ਬਹੁਵਚਨ ਵਿਚ ਹੈ, ਇਸ ਲਈ ਅਸੀਂ ਮੰਨਦੇ ਹਾਂ ਕਿ ਘੱਟੋ ਘੱਟ ਦੋ ਜਣੇ ਸਨ, ਪਰ ਇਹ ਇਕ ਦਰਜਣ ਵੀ ਹੋ ਸਕਦੇ ਹਨ ਜਾਂ ਵੱਧ ਵੀ।[7]

ਜੋਤਸ਼ੀਆਂ ਦੇ ''ਪੂਰਬ ਤੋਂ'' ਹੋਣ ਦੀ ਗੱਲ ਕਹੀ ਗਈ ਹੈ, ਪਰ ਇਹ ਨਹੀਂ ਦੱਸਿਆ ਗਿਆ ਕਿ ਉਹ ਕਿਸ ਦੇਸ਼ ਵਿੱਚੋਂ ਆਏ ਸਨ। ਉਨ੍ਹਾਂ ਦੇ ਤੋਹਫ਼ਿਆਂ ਤੋਂ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਉਹ ਅਰਬ ਵਿੱਚੋਂ ਆਏ ਸਨ। ਫਾਰਸ (ਅਜੋਕਾ ਈਰਾਨ) ਇਕ ਬੇਹਤਰ ਕਿਆਫ਼ਾ ਹੋ ਸਕਦਾ ਹੈ, ਕਿਉਂਕਿ ਉੱਥੇ ਉਸ ਜ਼ਮਾਨੇ ਜੋਤਸ਼ ਕਾਫ਼ੀ ਤਰੱਕੀ ਤੇ ਸੀ। ਸਾਫ਼ ਕਹੀਏ, ਤਾਂ ਅਸੀਂ ਨਹੀਂ ਜਾਣਦੇ ਕਿ ਕਿਹੜੇ ਦੇਸ਼ੋਂ ਆਏ ਸਨ। ਫ਼ਲਸਤੀਨ ਦੇ ਪੂਰਬ ਵਿਚ ਅਰਬ, ਫਾਰਸ, ਬਾਬੁਲ, ਪੂਰੇ ਮੈਸੋਪੋਟਾਮੀਆ ਦਾ ਇਲਾਕਾ, ਭਾਰਤ ਅਤੇ ਹੋਰ ਦੇਸ਼ ਹਨ।

ਇਨ੍ਹਾਂ ਲੋਕਾਂ ਬਾਰੇ ਇਕ ਗੱਲ ਸਾਫ਼ ਹੈ ਕਿ ਉਹ ਗੈਰਕੌਮ ਸਨ। ਉਨ੍ਹਾਂ ਉਸ ਨੂੰ ''ਸਾਡਾ ਬਾਦਸ਼ਾਹ'' ਨਹੀਂ, ਬਲਕਿ ''ਯਹੂਦੀਆਂ ਦਾ ਬਾਦਸ਼ਾਹ'' ਕਿਹਾ। ਜਦ ਬਾਲ ਯਿਸੂ ਨੂੰ ਹੈਕਲ ਵਿਚ ਲਿਜਾਇਆ ਗਿਆ, ਤਾਂ ਬਜ਼ੁਰਗ ਸਿਮਓਨ ਨੇ ਕਿਹਾ ਸੀ ਕਿ ਉਹ ''ਪਰਾਈਆਂ ਕੌਮਾਂ ਨੂੰ ਉਜਾਲਾ ਕਰਨ ਲਈ ਜੋਤ'' ਹੋਵੇਗਾ (ਲੂਕਾ 2:32)।[8] ਜੋਤਸ਼ੀਆਂ ਦੀ ਕਹਾਣੀ ਮਸੀਹ ਦੇ ਜਨਮ ਦੇ ਵਿਸ਼ਵਵਿਆਪੀ ਪ੍ਰਭਾਵ ਨੂੰ ਰੇਖਾਂਕਿਤ ਕਰਦੀ ਹੈ। ਯਿਸੂ ਸਿਰਫ਼ ਇਸਰਾਏਲ ਦਾ ਹੀ ਨਹੀਂ, ਸਗੋਂ ''ਜਗਤ ਦਾ ਮੁਕਤੀ ਦਾਤਾ'' ਵੀ ਹੋਣਾ ਸੀ (ਯੂਹੰਨਾ 4:42)।

ਬਹੁਤ ਸਾਰੀਆਂ ਗੱਲਾਂ ਹਨ, ਜਿਹੜੀਆਂ ਅਸੀਂ ਇਨ੍ਹਾਂ ਲੋਕਾਂ ਬਾਰੇ ਨਹੀਂ ਜਾਣਦੇ ਹਾਂ, ਪਰ ਉਨ੍ਹਾਂ ਦੇ ਖਾਸ ਮਕਸਦ ਬਾਰੇ ਜ਼ਰੂਰ ਜਾਣਦੇ ਹਾਂ ਕਿ ਉਹ ''ਯਹੂਦੀਆਂ ਦੇ ਬਾਦਸ਼ਾਹ'' ਦੀ ਤਲਾਸ਼ ਵਿਚ ਆਏ ਸਨ। ਉਨ੍ਹਾਂ ਦੀ ਸੱਚੀ ਬੁੱਧ ਦਹਾਕਿਆਂ ਦੇ ਉਨ੍ਹਾਂ ਦੇ ਅਧਿਐਨ ਜਾਂ ਕੁਦਰਤੀ ਸੰਸਾਰ ਦੀ ਉਨ੍ਹਾਂ ਦੀ ਸਮਝ ਨਹੀਂ, ਬਲਕੁਲ ਸਚਮੁਚ ਅਹਿਮ ਗੱਲਾਂ ਦੀ ਸਮਝ ਵਿਚ ਹੈ। ਤੁਸੀਂ ਬਹੁਤੇ ਪੜ੍ਹੇ ਲਿਖੇ ਜਾਂ ਬਹੁਤ ਸਮਝਦਾਰ ਨਾ ਹੋਵੋ, ਜੇ ਤੁਸੀਂ ''ਰਾਜਿਆਂ ਦੇ ਰਾਜੇ ਅਤੇ ਪ੍ਰਭੂਆਂ ਦੇ ਪ੍ਰਭੂ'' (ਪ੍ਰਕਾਸ਼ ਦੀ ਪੋਥੀ 19:16) ਦੀ ਭਾਲ ਸੱਚੇ ਦਿਲੋਂ ਕਰਦੇ ਹੋ, ਤਾਂ ਤੁਸੀਂ ਬੁੱਧਵਾਨ ਨਜੂਮੀ ਹੀ ਹੋ!

**ਮਿਸ਼ਨ**

ਜੋਤਸ਼ੀ ਐਨੀ ਦੂਰੋਂ, ਐਨਾ ਮੁਸ਼ਕਿਲ ਸਫ਼ਰ ਕਰਕੇ ਫ਼ਲਸਤੀਨ ਦੇਸ਼ ਵਿਚ ਕਿਉਂ ਆਏ? ਕੀ ਉਹ ਆਪਣਾ ਸਮਾਨ ਵਿਖਾਉਣ ਫੇਰੀ ਲਾਉਣ ਲਈ ਆਏ ਸਨ? ਨਹੀਂ। ਕੀ ਉਹ ਭੂਮੱਧ ਸਾਗਰ ਤੈਰਨ ਜਾਂ ਖਾਰਾ ਸਮੁੰਦਰ ਤੈਰਨ ਦੀ ਇੱਛਾ ਨਾਲ, ਮੁਸਾਫ਼ਰ ਬਣ ਕੇ ਆਏ ਸਨ? ਨਹੀਂ। ਕੀ ਉਹ ਬਾਦਸ਼ਾਹ ਹੇਰੋਦੇਸ ਨਾਲ ਚੰਗੇ ਸਬੰਧ ਬਣਾਉਣ ਲਈ ਰਾਜਦੂਤ ਬਣ ਕੇ ਆਏ ਸਨ? ਨਹੀਂ। ਯਰੂਸ਼ਲਮ ਵਿਚ ਪਹੁੰਚ ਕੇ, ਉਹ ਪੁੱਛਣ ਲੱਗੇ, ''ਯਹੂਦੀਆਂ ਦਾ ਬਾਦਸ਼ਾਹ, ਜਿਹੜਾ ਜੰਮਿਆ ਹੈ, ਕਿੱਥੇ ਹੈ?'' (ਮੱਤੀ 2:2)। ਫ਼ਲਸਤੀਨ ਵਿਚ ਉਨ੍ਹਾਂ ਦੇ ਆਉਣ ਦਾ ਇੱਕੋ ਮਕਸਦ ਸੀ, ਮਸੀਹਾ ਦਾ ਦਰਸ਼ਨ ਪਾਉਣਾ।

ਸੰਖੇਪ ਵਿਚ, ਉਹ ਦਾ ਦਰਸ਼ਨ *ਕਿਉਂ* ਪਾਉਣਾ ਚਾਹੁੰਦੇ ਸਨ? ਉਨ੍ਹਾਂ ਕਿਹਾ, ''ਅਸੀਂ ... ਉਸ

ਨੂੰ *ਮੱਥਾ ਟੇਕਣ* ਆਏ ਹਾਂ'' (ਆਇਤ 2)। ਉਹ ''ਯਹੂਦੀਆਂ ਦਾ ਬਾਦਸ਼ਾਹ'' ਹੀ ਨਹੀਂ ਸੀ, ਸਗੋਂ ਉਨ੍ਹਾਂ ਦਾ ਵੀ ਸੀ। ਉਹ ਸੈਂਕੜੇ ਹਜ਼ਾਰਾਂ ਮੀਲ ਚੱਲ ਕੇ ਉਸ ਨੂੰ ਸਿਜਦਾ ਕਰਨ ਆਏ ਸਨ।

ਜੇ ਅਸੀਂ ਵੀ ਉਨ੍ਹਾਂ ਵਾਂਗ ਸਿਆਣੇ ਹਾਂ, ਤਾਂ ਸਾਨੂੰ ਸਿੱਖਣਾ ਜ਼ਰੂਰੀ ਹੈ ਕਿ ਯਿਸੂ ਨੂੰ ਪਾਉਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਵੀ ਥੋੜ੍ਹੀ ਹੈ। ਖ਼ੁਦਾ ''ਨੇ *ਮਸੀਹ ਵਿਚ* ਸੁਰਗੀ ਥਾਵਾਂ ਵਿਚ ਸਭ ਪਰਕਾਰ ਦੀਆਂ ਰੂਹਾਨੀ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ ਹੈ'' (ਅਫ਼ਸੀਆਂ 1:3)। ਉਹ ਬਰਕਤਾਂ ਹੋਰ ਕਿਤੇ ਨਹੀਂ ਮਿਲਦੀਆਂ। ਖ਼ੁਦਾ ਅੱਜ ਵੀ ਉਨ੍ਹਾਂ ਈਮਾਨਦਾਰ ਦਿਲਾਂ ਦੀ ਤਲਾਸ਼ ਵਿਚ ਹੈ, ਜੋ ਆਪਣੀ ਜ਼ਿੰਦਗੀ ਨੂੰ ਦੂਜਿਆਂ ਲਈ ਪ੍ਰੇਰਣਾ ਬਣਨ ਲਈ ਪ੍ਰਭੂ ਦੀ ਖੋਜ ਵਿਚ ਹਨ। ਅੱਜ ਵੀ ਉਹ ''ਆਪਣੇ ਤਾਲਿਬਾਂ ਦਾ ਫਲਦਾਤਾ ਹੈ'' (ਇਬਰਾਨੀਆਂ 11:6)।

### ਤਰੀਕਾ

ਉਨ੍ਹਾਂ ਜੋਤਸ਼ੀਆਂ ਅਤੇ ਉਨ੍ਹਾਂ ਦੇ ਮਿਸ਼ਨ ਦੀ ਕੁਝ ਸਮਝ ਆਉਣ ਤੇ ਅਸੀਂ ਹੈਰਾਨ ਹੁੰਦੇ ਹਾਂ, ਕਿ ਉਹ ਆਪਣਾ ਮਿਸ਼ਨ ਕਿਵੇਂ ਪੂਰਾ ਕਰ ਪਾਏ? ਉਹ ਗੈਰਕੌਮ ਸਨ। ਉਨ੍ਹਾਂ ਨੂੰ ਯਹੂਦੀਆਂ ਦੇ ਰਾਜੇ ਦਾ ਪਤਾ ਕਿਵੇਂ ਲੱਗਾ? ਉਸ ਦਾ ਪਤਾ ਲੱਗਣ ਦੇ ਬਾਅਦ ਉਨ੍ਹਾਂ ਨੂੰ ਕਿਵੇਂ ਪਤਾ ਲੱਗਾ ਕਿ ਉਸ ਨੂੰ ਕਿਵੇਂ ਲੱਭਣਾ ਹੈ?

ਕਈਆਂ ਦਾ ਅੰਦਾਜ਼ਾ ਹੈ ਕਿ ਉਨ੍ਹਾਂ ਨੂੰ ਮਸੀਹ ਦਾ ਪਤਾ ਆਪਣੇ ਯਹੂਦੀ ਗੁਆਂਢੀਆਂ ਤੋਂ ਲੱਗਾ ਸੀ। ਹੋ ਸਕਦਾ ਹੈ ਕਿ ਉਸ ਸਮੇਂ ਯਹੂਦੀ ਸੰਸਾਰ ਭਰ ਵਿਚ ਪਾਏ ਜਾਂਦੇ ਹੋਣ।[9] ਬਾਹਰ ਦੇ ਦੇਸ਼ਾਂ ਵਿਚ ਨਾ ਸਿਰਫ਼ ਉਨ੍ਹਾਂ ਆਪਣਾ ਕਾਰੋਬਾਰ ਵਧਾ ਲਿਆ ਸੀ, ਬਲਕਿ ਆਪਣੇ ਵਿਸ਼ਵਾਸ ਦਾ ਵੀ ਪ੍ਰਸਾਰ ਕੀਤਾ ਸੀ।[10]

ਇਸ ਸਵਾਲ ਤੇ ਕਿ ਉਨ੍ਹਾਂ ਨਜੂਮੀਆਂ ਨੂੰ ਯਿਸੂ ਦੀ ਤਲਾਸ਼ ਗੱਲ ਕਿਵੇਂ ਪਤਾ ਚੱਲੀ, ਇੱਕੋ ਸੰਕੇਤ ''ਅਸਾਂ ਚੜ੍ਹਦੇ ਪਾਸੇ ਉਹ ਦਾ ਤਾਰਾ ਡਿੱਠਾ'' ਸ਼ਬਦਾਂ ਵਿਚ ਮਿਲਦਾ ਹੈ। ਕਈਆਂ ਦਾ ਮੰਨਣਾ ਹੈ ਕਿ ਉਹ ਤਾਰਾ ਇਕ ਕੁਦਰਤੀ ਵਸਤ ਸੀ। ਉਹ ਲੋਕ ਬਨਾਵਟੀ ਵਿਗਿਆਨ, ਜੋਤਸ਼ ਨੂੰ ਮੰਨਦੇ ਸਨ। ਪੁਰਾਣਾ ਨੇਮ ਜੋਤਸ਼ ਦਾ ਮਜ਼ਾਕ ਉਡਾਉਂਦਾ ਹੈ (ਯਸਾਯਾਹ 47:13–15; ਦਾਨੀਏਲ 1:20; 2:27; 4:7; 5:7, 8) ਅਤੇ ਖ਼ੁਦਾ ਦੇ ਲੋਕਾਂ ਨੂੰ ਇਸ ਵਿਚ ਭਾਈਵਾਲ ਬਣਨ ਤੋਂ ਮਨ੍ਹਾਂ ਕਰਦਾ ਹੈ (ਯਿਰਮਿਯਾਹ 10:1, 2)। ਤਾਂ ਵੀ ਬਹਤੁ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਨਜੂਮੀਆਂ ਨੂੰ ਜੋਤਸ਼ ਵਿਚ ਦਿਲਚਸਪੀ ਹੀ ਉਨ੍ਹਾਂ ਨੂੰ ਫ਼ਲਸਤੀਨ ਵਿਚ ਲੈ ਆਈ। ਉਨ੍ਹਾਂ ਜੋਤਸ਼ੀਆਂ ਨੂੰ ਪੱਛਮ ਵੱਲ ਜਾਣ ਲਈ ਪ੍ਰੇਰਿਤ ਕਰਨ ਵਾਲੀ ਸੰਖੇਪ ਸੁਰਗੀ ਚੇਤਾਵਨੀ ਤੇ ਕਈ ਕਿਤਾਬਾਂ ਲਿਖੀਆਂ ਗਈਆਂ ਹਨ।[11]

ਉਨ੍ਹਾਂ ਨਜੂਮੀਆਂ ਨੂੰ ਮਸੀਹਾ ਦਾ ਪਤਾ ਲੱਗਣ ਤੇ ਅਤੇ ਇਸ ਖ਼ਾਸ ਤਾਰੇ ਦੇ ਮਗਰ ਚੱਲਣ ਦੇ ਉਨ੍ਹਾਂ ਦੇ ਫੈਸਲੇ ਤੇ ਸਭ ਅੰਦਾਜ਼ਿਆਂ ਦੀ ਸਮੀਖਿਆ ਦੇ ਬਾਅਦ, ਮੇਰਾ ਕਿਆਫ਼ਾ ਕਈ ਸਾਲ ਪਹਿਲਾਂ ਦੇ ਜੇ. ਡਬਲਯੂ. ਮੈਕਗਰਵੇ ਦੇ ਨਤੀਜੇ ਨਾਲ ਮੇਲ ਖਾਂਦਾ ਹੈ। ਮੈਕਗਰਵੇ ਨੇ ਉਨ੍ਹਾਂ ਸਭ ਮੁਮਕਿਨ ਪ੍ਰਭਾਵਾਂ ਦੀ ਸੂਚੀ ਬਣਾਈ ਜਿਨ੍ਹਾਂ ਦਾ ਪ੍ਰਭਾਵ ਉਨ੍ਹਾਂ ਨਜੂਮੀਆਂ ਤੇ ਪਿਆ ਸੀ ਅਤੇ ਇਹ ਨਤੀਜਾ ਕੱਢਿਆ, ''ਪਰ ਇਨ੍ਹਾਂ ਸਭਨਾਂ ਨੂੰ ਮਿਲਾ ਕੇ ਵੀ ਜੋਤਸ਼ੀਆਂ ਦੇ ਆਉਣ ਦਾ ਕਾਰਨ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਨੂੰ ਜ਼ਾਹਿਰ ਤੌਰ ਤੇ ਖ਼ੁਦਾ ਦੀ ਅਗਵਾਈ ਮਿਲੀ ਸੀ ਅਤੇ ਕਿਸੇ ਹੋਰ ਗੱਲ ਨੇ ਉਨ੍ਹਾਂ ਨੂੰ ਪ੍ਰਭਾਵਿਤ ਨਹੀਂ ਕੀਤਾ ਹੋਵੇਗਾ।''[12]

ਇਸ ਗੱਲ ਨੂੰ ਸਮਝੋ ਕਿ ਭਾਵੇਂ ਪੁਰਾਣਾ ਨੇਮ ਯਹੂਦੀਆਂ ਦੇ ਖ਼ੁਦਾ ਨਾਲ ਸਬੰਧਾਂ ਤੇ ਅਧਾਰਿਤ ਹੈ, ਪਰ ਉਸ ਨੇ ਗੈਰ ਯਹੂਦੀ ਜਗਤ ਨੂੰ ਵੀ ਪੂਰੀ ਤਰ੍ਹਾਂ ਨਜ਼ਰਅੰਦਾਜ਼ ਨਹੀਂ ਕੀਤਾ ਸੀ। ਗੈਰ ਕੌਮਾਂ ਨਾਲ ਖ਼ੁਦਾ ਦੇ ਕੰਮ ਬਾਰੇ ਬਹੁਤ ਘੱਟ ਪਤਾ ਸੀ, ਕਿਉਂਕਿ ਪੁਰਾਣੇ ਨੇਮ ਦਾ ਮਕਸਦ ਇਹ ਪੇਸ਼ ਕਰਨਾ ਹੈ ਕਿ ਕਿਵੇਂ ਖ਼ੁਦਾ ਨੇ ਇਕ ਕੌਮ (ਇਸਰਾਏਲ) ਨੂੰ ਤਿਆਰ ਕੀਤਾ, ਜਿਸ ਵਿੱਚੋਂ ਉਸ ਦੇ ਪੁੱਤਰ ਨੇ

ਆਉਣਾ ਸੀ। ਤਾਂ ਵੀ, ਸਮੇਂ ਸਮੇਂ ਪੁਰਾਣਾ ਨੇਮ ਯਹੂਦੀਆਂ ਦੇ ਗੈਰ ਯਹੂਦੀ ਗੁਆਂਢੀਆਂ ਲਈ ਖ਼ੁਦਾ ਦੀ ਫ਼ਿਕਰ ਦੀ ਝਲਕ ਦਿੰਦਾ ਹੈ। ਉਦਾਹਰਣ ਵੱਜੋਂ, ਖ਼ੁਦਾ ਨੇ ਇਕ ਗੈਰਕੌਮ ਨਗਰ, ਨੀਨਵਾਹ ਵਿਚ ਯੂਨਾਹ ਨੂੰ ਭੇਜਿਆ ਸੀ (ਯੂਨਾਹ 1:1, 2)। ਖ਼ੁਦਾ ਨੇ ਮਸੀਹਾ ਦੀ ਸਪੱਸ਼ਟ ਨਬੂਵਤ ਕਰਨ ਲਈ ਬਿਲਆਮ ਨਾਮਕ ਇਕ ਗੈਰ ਯਹੂਦੀ ਨੂੰ ਵੀ ਵਰਤਿਆ ਸੀ: ''ਯਾਕੂਬ ਤੋਂ ਇਕ ਤਾਰਾ ਚੜ੍ਹੇਗਾ ਅਤੇ ਇਸਰਾਏਲ ਤੋਂ ਇਕ ਆਸਾ ਉੱਠੇਗਾ'' (ਗਿਣਤੀ 24:17)। ਇਨ੍ਹਾਂ ਨਜੂਮੀਆਂ ਦੀ ਕਹਾਣੀ ਗੈਰ ਕੌਮਾਂ ਵਿਚ ਖ਼ੁਦਾ ਦੀ ਦਿਲਚਸਪੀ ਦਾ ਇਕ ਹੋਰ ਕਾਰਣ ਲਗਦੀ ਹੈ।

ਯਕੀਨਨ ਅਸੀਂ ਸਿਰਫ਼ ਇਹੀ ਕਹਿ ਸਕਦੇ ਹਾਂ ਕਿ ਕਿਸੇ ਤਰੀਕੇ ਨਾਲ ਖ਼ੁਦਾ ਨੇ ਇਹ ਯਕੀਨੀ ਬਣਾਇਆ ਕਿ ਉਨ੍ਹਾਂ ਜੋਤਸ਼ੀਆਂ ਨੂੰ ਯਿਸੂ ਦੇ ਜਨਮ ਦਾ ਪਤਾ ਲਗ ਜਾਵੇ, ਅਤੇ *ਕਿਸੇ ਤਰ੍ਹਾਂ* ਉਸ ਨੇ ਉਨ੍ਹਾਂ ਨੂੰ ਖ਼ਬਰ ਕੀਤੀ ਕਿ ਉਹ ਮਸੀਹਾ ਉਨ੍ਹਾਂ ਨੂੰ ਕਿਵੇਂ ਮਿਲ ਸਕਦਾ ਹੈ। ਬਾਅਦ ਵਿਚ, ਖ਼ੁਦਾ ਨੇ ਇਨ੍ਹਾਂ ਨਜੂਮੀਆਂ ਨਾਲ ਸੁਪਨੇ ਵਿਚ ਗੱਲ ਕੀਤੀ (ਮੱਤੀ 2:12)। ਸ਼ਾਇਦ ਪ੍ਰਭੂ ਨੇ ਯਹੂਦੀਆਂ ਦੇ ਰਾਜੇ ਬਾਰੇ ਮੁੱਢਲੀ ਸੂਚਨਾ ਦੇਣ ਦਾ ਅਜਿਹਾ ਹੀ ਢੰਗ ਵਰਤਿਆ ਸੀ।

ਜੇ ਸਬੂਤ ਦੀ ਲੋੜ ਹੋਵੇ ਕਿ ਖ਼ੁਦਾ ਹੀ ਇਨ੍ਹਾਂ ਪੂਰਬੀ ਸਾਧੂਆਂ ਦੀ ਅਗਵਾਈ ਕਰ ਰਿਹਾ ਸੀ ਤਾਂ ਤਾਰਾ ਆਪਣੇ ਆਪ ਵਿਚ ਸਬੂਤ ਹੈ। ਜਿਵੇਂ ਜੋਤਸ਼ੀਆਂ ਦੇ ਅੱਗੇ ਅੱਗੇ ਤਾਰਾ ਚੱਲਿਆ ਉਵੇਂ ਕੋਈ ਪਿੰਡ ਨਹੀਂ ਚੱਲਦਾ ਹੈ ਭਾਵ ਕੋਈ ਤਾਰਾ ਵੀ ਚੜ੍ਹਦੇ ਤੋਂ ਲਹਿੰਦੇ ਤਕ ਨਹੀਂ ਚੱਲਦਾ ਅਤੇ ਕੋਈ ਤਰਾ ਰੁਕ ਕੇ ਧਰਤੀ ਦੀ ਕਿਸੇ ਥਾਂ ''ਉੱਤੇ ਟਿਕ ਕੇ'' ਖਲੋਂਦਾ ਨਹੀਂ (ਮੱਤੀ 2:9)।

ਇਸ ਨੂੰ ਅਸੀਂ ਉਨ੍ਹਾਂ ਲੋਕਾਂ ਲਈ ਜਿਹੜੇ ਅੱਜ ਪ੍ਰਭੂ ਦੀ ਤਲਾਸ਼ ਵਿਚ ਹਨ, ਲਾਗੂ ਕਰ ਸਕਦੇ ਹਾਂ। ਸਭ ਤੋਂ ਪਹਿਲਾਂ ਮੇਰਾ ਸੁਝਾਅ ਹੈ ਕਿ ਮੁਕਤੀ ਦਾਤੇ ਨੂੰ ਤੁਹਾਡੇ ਭਾਲਣ ਵਿਚ ਖ਼ੁਦਾ ਦੀ ਦਿਲਚਸਪੀ ਓਨੀ ਹੀ ਹੈ, ਜਿੰਨੀ ਛੋਟੇ ਰਾਜੇ ਨੂੰ ਭਾਲਣ ਲਈ ਉਨ੍ਹਾਂ ਨਜੂਮੀਆਂ ਵਿਚ ਵੀ ਸੀ। ਇਸ ਦੇ ਇਲਾਵਾ ਮੈਂ ਇਹ ਸੁਝਾਅ ਦਿਵਾਂਗਾ ਕਿ ਜੇ ਤੁਸੀਂ ਮੁਕਤੀ ਦਾਤੇ ਨੂੰ ਲੱਭਣਾ ਚਾਹੁੰਦੇ ਹੋ ਤਾਂ ਇਸ ਨੂੰ ਲੱਭਣ ਵਿਚ (ਮੋਅਜਜ਼ੇ ਰਾਹੀਂ ਨਹੀਂ, ਬਲਕਿ ਉਪਾਅ ਕਰ ਕੇ) ਤੁਹਾਡੀ ਮਦਦ ਕਰੇਗਾ।

ਪਰ ਯਿਸੂ ਦੀ ਤਲਾਸ਼ ਲਈ *ਖ਼ੁਦਾ ਦੀ ਅਗਵਾਈ ਨੂੰ ਮੰਨਣਾ* ਲਾਜ਼ਮੀ ਹੋਵੇਗਾ। ''ਆਦਮੀ ਦਾ ਰਾਹ ਉਹਦੇ ਵੱਸ ਵਿਚ ਨਹੀਂ ਹੈ; ਇਹ ਮਨੁੱਖ ਦੇ ਵੱਸ ਨਹੀਂ ਕਿ ਤੁਰਨ ਲਈ ਆਪਣੇ ਕਦਮਾਂ ਨੂੰ ਕਾਇਮ ਕਰੇ'' (ਯਿਰਮਿਯਾਹ 10:23)। ਸਲਾਹ ਕਰਨੀ ਜ਼ਰੂਰੀ ਹੈ (ਯਸਾਯਾਹ 1:18), ਪਰ ਇਹ ਪ੍ਰਕਾਸ਼ਨ ਦੀ ਥਾਂ ਨਹੀਂ ਲੈ ਸਕਦਾ ਹੈ। ''ਕਿਉਂ ਜੋ ਮੇਰੇ ਖਿਆਲ ਤੁਹਾਡੇ ਖਿਆਲ ਨਹੀਂ, ਨਾ ਤੁਹਾਡੇ ਰਾਹ ਮੇਰੇ ਰਾਹ ਹਨ, ਯਹੋਵਾਹ ਦਾ ਵਾਕ ਹੈ। ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ ਮੇਰੇ ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ'' (ਯਸਾਯਾਹ 55:8, 9)।

ਖ਼ੁਦਾ ਦੀ ਅਗਵਾਈ ਨੂੰ ਮੰਨਣ ਦੇ ਬਾਅਦ, ਉਹਦੇ ਮੁਤਾਬਕ *ਫ਼ੌਰਨ ਚੱਲਣ ਨੂੰ* ਤਿਆਰ ਹੋਣਾ ਜ਼ਰੂਰੀ ਹੈ। ਖ਼ੁਦਾ ਵੱਲੋਂ ਨਜੂਮੀਆਂ ਨੂੰ ਆਪਣਾ ਸੰਦੇਸ਼ ਦੇਣ ਦੇ ਬਾਅਦ (ਉਸ ਨੇ ਜਿਵੇਂ ਵੀ ਦਿੱਤਾ), ਉਹ ਝਿਜਕੇ ਨਹੀਂ। ਉਹ ਸੈਂਕੜੇ ਮੀਲਾਂ ਦੇ ਅਤੇ ਸਾਲਾਂ ਦੇ ਥਕਾ ਦੇਣ ਵਾਲੇ ਸਫ਼ਰ ਤੇ ਨਿਕੱਲ ਪਏ।

ਇਕ ਹੋਰ ਗੁਣ ਜਿਸ ਦਾ ਜ਼ਿਕਰ ਹੋਣਾ ਜ਼ਰੂਰੀ ਹੈ, ਉਹ ਹੈ ਖ਼ੁਦਾ ਦੀ ਅਗਵਾਈ ਮੁਤਾਬਕ ਚੱਲਣ ਲਈ, *ਹਲੀਮ ਰਹੋ*। ਆਪੋ ਆਪਣੇ ਘਰਾਂ ਵਿਚੋਂ ਨਿੱਕਲਣ ਵੇਲੇ ਉਨ੍ਹਾਂ ਨਜੂਮੀਆਂ ਨੂੰ ਪਤਾ ਨਹੀਂ ਹੋਵੇਗਾ ਕਿ ਉਨ੍ਹਾਂ ਦੀ ਮੰਜਿਲ ਕਿੱਥੇ ਹੈ, ਉਨ੍ਹਾਂ ਨੂੰ ਸਿਰਫ਼ ਇਹੀ ਪਤਾ ਸੀ ਕਿ ਅੱਗੇ ਕਿੱਥੇ ਜਾਣਾ ਹੈ। ਇਹ ਤਾਂ ਚੰਗਾ ਹੈ ਕਿ ਉਹ ਐਨੇ ਘਮੰਡੀ ਨਹੀਂ ਸਨ, ਜੋ ਕਿਸੇ ਤੋਂ ਰਾਹ ਵੀ ਨਾ ਪੁੱਛਦੇ। (ਸਾਡੇ ਵਿੱਚੋਂ ਕਈ ਲੋਕ ਨਵੀਂ ਥਾਂ ਜਾ ਕੇ ਰਾਹ ਪੁੱਛਣ ਵਿਚ ਸ਼ਰਮ ਮਹਿਸੂਸ ਕਰਦੇ ਹਨ।) ਪ੍ਰਭੂ ਦੀ ਤਲਾਸ਼ ਕਰਨ ਵਾਲੇ ਵਿਚ ਹਲੀਮੀ ਹੋਣੀ ਜ਼ਰੂਰੀ ਹੈ।[13]

ਕਹਾਣੀ ਤੇ ਵਾਪਸ ਆਉਂਦੇ ਹਾਂ, ਮੈਨੂੰ ਇਹ ਅਹਿਮ ਲਗਦਾ ਹੈ ਕਿ ਖ਼ੁਦਾ ਨੇ ਉਨਾਂ ਦੇ ਸਫ਼ਰ ਤੇ ਸਭ ਤੋਂ ਅਹਿਮ ਹਦਾਇਤਾਂ ਆਪਣੇ ਵਚਨ ਰਾਹੀਂ ਪਰਗਟ ਕੀਤੀਆਂ ਸਨ। ਤਾਰੇ ਨੇ ਉਨ੍ਹਾਂ ਨੂੰ ਸਿਰਫ਼

ਯਰੂਸ਼ਲਮ ਤਕ ਪਹੁੰਚਾਇਆ ਸੀ। ਉਨ੍ਹਾਂ ਨੂੰ ਪਵਿੱਤਰ ਲਿਖਤ ਵਿੱਚੋਂ ਹੋਰ ਜਾਣਕਾਰੀ ਵੀ ਚਾਹੀਦੀ ਸੀ। ਪਤਾ ਹੈ, ਕੀ ਹੋਇਆ: ਜਦ ਹੇਰੋਦੇਸ ਨੇ ਉਨ੍ਹਾਂ ਜੋਤਸ਼ੀਆਂ ਦੇ ਸਵਾਲ ਸੁਣੇ, ਤਾਂ ਉਸ ਨੇ ਯਹੂਦੀ ਆਗੂਆਂ ਨੂੰ ਸੱਦਿਆ ਅਤੇ ''ਉਨ੍ਹਾਂ ਨੂੰ ਪੁੱਛਿਆ ਜੋ ਮਸੀਹ ਕਿੱਥੇ ਜੰਮੇਗਾ?'' (ਮੱਤੀ 2:4)। ਉਨ੍ਹਾਂ ਦਾ ਜਵਾਬ ਸੀ :

> ਯਹੂਦੀਆ ਦੇ ਬੈਤਲਹਮ ਵਿਚ[14] ਕਿਉਂਕਿ ਨਬੀ ਦੇ ਰਾਹੀਂ ਇਵੇਂ ਲਿਖਿਆ ਹੋਇਆ ਹੈ ਕਿ ਹੇ ਬੈਤਲਹਮ ਯਹੂਦਾਹ ਦੇਸ ਦੇ, ਤੂੰ ਯਹੂਦਾਹ ਦੇ ਹਾਕਮਾਂ ਵਿੱਚੋਂ ਕਿਸੇ ਤਰ੍ਹਾਂ ਛੋਟਾ ਨਹੀਂ ਹੈਂ, ਕਿਉਂ ਜੋ ਤੇਰੇ ਵਿੱਚੋਂ ਇਕ ਹਾਕਮ ਨਿੱਕਲੇਗਾ ਜਿਹੜਾ ਮੇਰੀ ਪਰਜਾ ਇਸਰਾਏਲ ਦੀ ਪਾਲਣਾ ਕਰੇਗਾ (ਆਇਤਾਂ 5, 6)।[15]

ਬਾਦਸ਼ਾਹ ਦੇ ਸਵਾਲ ਦਾ ਜਵਾਬ ਲੱਭਣ ਲਈ ਉਨ੍ਹਾਂ ਵਚਨ ਵਿੱਚੋਂ ਮੀਕਾਹ 5:2 ਵਿਚ ਵੇਖਿਆ।[16]

ਖ਼ੁਦਾ ਬਾਰੇ ਤੁਹਾਨੂੰ ਬਾਈਬਲ ਤੋਂ ਬਾਹਰੋਂ ਪਤਾ ਲਗ ਸਕਦਾ ਹੈ। ਉਹ ਸੰਸਾਰ ਵਿਚ ਕੰਮ ਕਰ ਰਿਹਾ ਹੈ। ਉਹ ਸੰਸਾਰ ਨੂੰ ਸੂਰਜ ਦੀ ਰੌਸ਼ਨੀ ਅਤੇ ਬਾਰਿਸ਼ ਦਿੰਦਾ ਹੈ (ਮੱਤੀ 5:45)। ''ਅਕਾਸ਼ ਪਰਮੇਸ਼ੁਰ ਦੀ ਮਹਿਮਾ ਦਾ ਵਰਣਨ ਕਰਦੇ ਹਨ, ਅਤੇ ਅੰਬਰ ਉਸ ਦੀ ਦਸਤਕਾਰੀ ਵਿਖਾਲਦਾ ਹੈ'' (ਜ਼ਬੂਰ 19:1; KJV)। ਕਿਸੇ ਹੱਦ ਤਕ ''ਉਸ ਦੇ ਅਣਡਿੱਠੇ ਗੁਣ, ਭਾਵ ਉਸ ਦੀ ਸਨਾਤਨ ਸਮਰੱਥਾ ਅਤੇ ਖ਼ੁਦਾਈ'' ਉਸ ਦੀ ਰਚਨਾ ਦੇ ਰਾਹੀਂ ਸਮਝੇ ਜਾ ਸਕਦੇ ਹਨ (ਰੋਮੀਆਂ 1:20)। ਫਿਰ ਵੀ ਜੇ ਅਸੀਂ ਉਸ ਨੂੰ ਭਾਲ ਕੇ ਪਾਉਣਾ ਚਾਹੁੰਦੇ ਹਾਂ, ਤਾਂ ਅਖ਼ੀਰ ਸਾਨੂੰ ਬਾਈਬਲ ਕੋਲ ਹੀ ਜਾਣਾ ਪਵੇਗਾ (''ਪਵੇਗਾ'' ਸ਼ਬਦ ਨੂੰ ਆਪਣੇ ਦਿਲ ਵਿਚ ਰੱਖ ਲਓ)। ਵਚਨ ਬਾਰੇ ਯਿਸੂ ਨੇ ਕਿਹਾ ਸੀ, ''ਇਨ੍ਹਾਂ ਵਿਚ ਤੁਹਾਨੂੰ ਸਦੀਪਕ ਜੀਉਣ ਮਿਲਦਾ ਹੈ ਅਤੇ ਮੇਰੇ ਹੱਕ ਵਿਚ ਜੋ ਸਾਖੀ ਦਿੰਦੇ ਹਨ ਸੋ ਏਹੋ ਹਨ'' (ਯੂਹੰਨਾ 5:39)।

ਇਸੇ ਕਰਕੇ ਯਾਕੂਬ ਨੇ ਲਿਖਿਆ, ''ਉਸ ਬੀਜੇ ਹੋਏ ਵਚਨ ਨੂੰ ਜਿਹੜਾ ਤੁਹਾਡੀਆਂ ਜਾਨਾਂ ਨੂੰ ਬਚਾ ਸੱਕਦਾ ਹੈ ਨਰਮਾਈ ਨਾਲ ਕਬੂਲ ਕਰ ਲਓ'' (ਯਾਕੂਬ 1:21)। ਪੌਲੁਸ ਨੇ ਕਿਹਾ ਕਿ ਸਿਰਫ਼ ''ਪਵਿੱਤਰ ਲਿਖਤਾਂ ... ਤੈਨੂੰ ਉਸ ਨਿਹਚਾ ਦੇ ਰਾਹੀਂ ਜੋ ਮਸੀਹ ਯਿਸੂ ਉੱਤੇ ਹੈ ਤੈਨੂੰ ਮੁਕਤੀ ਦਾ ਗਿਆ ਨਦੇ ਸਕਦੀਆਂ ਹਨ'' (2 ਤਿਮੋਥਿਉਸ 3:15)। ਤੁਹਾਡੀ ਅਗਵਾਈ ਲਈ ਖ਼ੁਦਾ ਵੱਲੋਂ ਅਕਾਸ਼ੋਂ ਤਾਰਾ ਨਹੀਂ ਆਏਗਾ, ਪਰ ਉਸ ਨੇ ਆਪਣੀ ਕਿਤਾਬ ਵਿਚ ਸੁਰਗੀ ਰੌਸ਼ਨੀ ਦਿੱਤੀ ਹੈ। ਜ਼ਬੂਰ ਲਿਖਣ ਵਾਲੇ ਨੇ ਵਚਨ ਨੂੰ ''ਮੇਰੇ ਪੈਰਾਂ ਲਈ ਦੀਪਕ'' ਅਤੇ ''ਮੇਰੇ ਰਾਹ ਦਾ ਚਾਨਣ'' ਕਿਹਾ ਹੈ (ਜ਼ਬੂਰ 119:105)।

ਜੇ ਅਸੀਂ ਉਨ੍ਹਾਂ ਜੋਤਸ਼ੀਆਂ ਵਾਂਗ ਹੀ ਸਿਆਣੇ ਹਾਂ, ਤਾਂ ਅਸੀਂ ਖ਼ੁਦਾ ਦੇ ਵਚਨ ਦਾ ਅਧਿਐਨ ਕਰਨ ਤੇ ਜੋ ਕੁਝ ਇਸ ਵਿਚ ਕਿਹਾ ਗਿਆ ਹੈ, ਉਹੀ ਕਰਨ ਨੂੰ ਤਿਆਰ ਰਹਾਂਗੇ। ਨਵਾਂ ਨੇਮ ਸਾਨੂੰ ਉਹ ਰਾਹ ਵਿਖਾਉਂਦਾ ਹੈ, ਜਿਸ ਤੇ ਪ੍ਰਭੂ ਤਕ ਜਾਣ ਲਈ ਸਾਨੂੰ ਚੱਲਣਾ ਭਾਵ ਯਿਸੂ ਵਿਚ ਵਿਸ਼ਵਾਸ ਲਿਆਉਣਾ (ਯੂਹੰਨਾ 3:16); ਆਪਣੇ ਪਾਪਾਂ ਤੋਂ ਤੌਬਾ ਕਰਨਾ (ਲੂਕਾ 13:3); ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨਾ (ਮੱਤੀ 10:32); ਬਪਤਿਸਮਾ (ਪਾਣੀ ਵਿਚ ਡੁਬਕੀ ਲੈ ਕੇ) ਲੈਣਾ (ਮਰਕੁਸ 16:16; ਰਸੂਲਾਂ ਦੇ ਕੰਮ 2:38) ਜ਼ਰੂਰੀ ਹੈ। ਬਾਈਬਲ ਦੱਸਦੀ ਹੈ ਕਿ ਬਪਤਿਸਮਾ ਲੈਣ ਨਾਲ ਅਸੀਂ ''ਮਸੀਹ ਵਿਚ'' ਆ ਜਾਂਦੇ ਹਾਂ (ਰੋਮੀਆਂ 6:3; ਗਲਾਤੀਆਂ 3:27), ਅਤੇ ਮਸੀਹ ਦੇ ਵਿਚ ਹੋਣਾ ਹੀ ਤਾਂ ਸਾਡਾ ਮਕਸਦ ਹੈ! ਉਸ ਦੇ ਨਾਲ ਰਹਿਣਾ ਹੀ ਤਾਂ ਸਾਡੀ ਮੰਜ਼ਿਲ ਹੈ।

### ਉਨ੍ਹਾਂ ਯਿਸੂ ਨੂੰ ਪਾ ਲਿਆ (ਆਇਤਾਂ 7-11)

ਜੋਤਸ਼ੀਆਂ ਨੂੰ ਯਿਸੂ ਮਿਲ ਗਿਆ। ਜਿਸ ਨੂੰ ਤੁਸੀਂ ਲੱਭ ਰਹੇ ਹੋਵੋ ਉਸ ਨੂੰ ਪਾ ਲੈਣਾ ਰੁਮਾਂਚ

ਭਰਿਆ ਹੀ ਹੁੰਦਾ ਹੈ, ਭਾਵੇਂ ਉਹ ਕੋਈ ਅਣਜਾਣੀ ਮੰਜ਼ਿਲ ਹੋਵੇ ਜਾਂ ਕੋਈ ਇਧਰ ਓਧਰ ਰੱਖੀ ਗਈ ਚਾਬੀ।[17] ਪਰ ਮੁਕਤੀ ਦਾਤੇ ਨੂੰ ਪਾਉਣ ਦੇ ਰੁਮਾਂਚ ਨੂੰ ਕਿਸੇ ਚੀਜ਼ ਨਾਲ ਨਹੀਂ ਮਿਲਾਇਆ ਜਾ ਸਕਦਾ।

ਮਸੀਹ ਦੇ ਪੈਦਾ ਹੋਣ ਤੋਂ ਕਈ ਸਾਲ ਪਹਿਲਾਂ, ਦਾਊਦ ਨੇ ਆਪਣੇ ਪੁੱਤਰ ਸੁਲੇਮਾਨ ਨੂੰ ਦੱਸਿਆ ਸੀ, ''ਜੇ ਤੂੰ ਉਸ ਨੂੰ ਖੋਜੇਂਗਾ ਤਾਂ ਉਹ ਤੈਨੂੰ ਮਿਲ ਜਾਵੇਗਾ'' (1 ਇਤਿਹਾਸ 28:9)। ਉਨ੍ਹਾਂ ਜੋਤਸ਼ੀਆਂ ਨੇ ਯਿਸੂ ਨੂੰ ਸਹੀ ਢੰਗ ਨਾਲ ਅਤੇ ਸੱਚੇ ਦਿਲੋਂ ਢੂੰਡਿਆ, ਇਸ ਲਈ ਖ਼ੁਦਾ ਨੇ ਇਹ ਯਕੀਨੀ ਬਣਾਇਆ ਕਿ ਉਹ ਉਨ੍ਹਾਂ ਨੂੰ ਮਿਲ ਜਾਵੇ।

ਜਿਵੇਂ ਹੀ ਇਨ੍ਹਾਂ ਪੰਡਿਤਾਂ ਨੂੰ ਦੱਸਿਆ ਗਿਆ ਕਿ ਮਸੀਹ ਦਾ ਜਨਮ ਕਿੱਥੇ ਹੋਇਆ ਹੈ, ਉਹ ਯਰੂਸ਼ਲਮ ਤੋਂ ਦੱਖਣ ਵੱਲ ਨੂੰ ਚੱਲ ਪਏ (ਆਇਤਾਂ 7–9)। ਯਰੂਸ਼ਲਮ ਵੱਲ ਪੰਜ ਨੂੰ ਮੀਲ ਨਿੱਕਲ ਜਾਣ ਤੇ, ਤਾਰਾ ਫੇਰ ਨਜ਼ਰ ਆਇਆ।[18] ''ਤਾਰੇ ਨੂੰ ਵੇਖ ਕੇ ਉਹ ਬੜੇ ਹੀ ਅਨੰਦਿਤ ਹੋਏ'' (ਆਇਤ 10)। ਉਨ੍ਹਾਂ ਨੂੰ ਪਤਾ ਸੀ ਕਿ ਉਹ ਜੋ ਕੁਝ ਕਰ ਰਹੇ ਹਨ, ਉਹ ਸਹੀ ਹੈ। ਤਾਰਾ ''ਉਨ੍ਹਾਂ ਦੇ ਅੱਗੇ ਅੱਗੇ ਚੱਲਿਆ ਇੱਥੋਂ ਤੀਕ ਜੋ ਉਸ ਥਾਂ ਉੱਤੇ ਜਾ ਟਿਕਿਆ ਜਿੱਥੇ ਉਹ ਬਾਲਕ ਸੀ'' (ਆਇਤ 9)। ਅਖ਼ੀਰ ਉਨ੍ਹਾਂ ਨੇ ''ਉਸ ਘਰ ਵਿਚ ਜਾ ਕੇ ਬਾਲਕ ਨੂੰ ਉਹਦੀ ਮਾਤਾ ਮਰੀਅਮ ਦੇ ਨਾਲ ਡਿੱਠਾ'' (ਆਇਤ 11)।

ਜਿਸ ਦੀ ਖੋਜ ਉਹ ਐਨੀ ਦੇਰ ਤੋਂ ਕਰ ਰਹੇ ਸਨ, ਉਸ ਨੂੰ ਪਾ ਲੈਣ ਤੇ ਉਸ ਦੇ ਅਨੰਦ ਦੀ ਉਨ੍ਹਾਂ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕਰੋ। ਕਈ ਸਾਲ ਪਹਿਲਾਂ ਲੋਕ ਇਕ ਖੋਜ ਕਰਨ ਤੇ, ''ਯੂਰੇਕਾ!'' ਕਹਿੰਦੇ ਹੋਏ ਪੁਕਾਰ ਉੱਠੇ ਸਨ। (*ਯੂਰੇਕਾ* ਇਕ ਯੂਨਾਨੀ ਸ਼ਬਦ ਹੈ, ਜਿਸ ਦਾ ਅਰਥ ਹੈ ''ਮੈਨੂੰ *[ਇਹ]* ਲੱਭ ਗਿਆ!'') ਪਤਾ ਨਹੀਂ ਉਹ ਜੋਤਸ਼ੀ ਕੀ ਚਿੱਲਾਏ ਹੋਣਗੇ ਜਾਂ ਬਾਲਕ ਨੂੰ ਮਰੀਅਮ ਦੀ ਗੋਦ ਵਿਚ ਵੇਖ ਕੇ ਉਹ ਕੁਝ ਸੁੰਨ ਹੋ ਗਏ ਹੋਣਗੇ ਜਾਂ ਨਹੀਂ। ਪਰ ਮੈਨੂੰ ਯਕੀਨ ਹੈ ਕਿ ਉਨ੍ਹਾਂ ਦੀ ਸਾਰੀ ਥਕਾਵਟ ਲੱਥ ਗਈ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੀਆਂ ਭੇਂਟਾਂ ਖ਼ਾਸ ਨਹੀਂ ਲੱਗੀਆਂ ਹੋਣਗੀਆਂ, ਸਗੋਂ ਉਨ੍ਹਾਂ ਦੇ ਮਨ ਆਪਣੀ ਖੋਜ ਦੇ ਕਾਮਯਾਬੀ ਨਾਲ ਪੂਰੀ ਹੋਣ ਤੇ ਅਨੰਦ ਨਾਲ ਭਰ ਗਏ ਹੋਣਗੇ।

ਜੇ ਤੁਸੀਂ ਸਹੀ ਢੰਗ ਨਾਲ ਅਤੇ ਸੱਚੇ ਦਿਲੋਂ ਪ੍ਰਭੂ ਦੀ ਤਲਾਸ਼ ਕਰਦੇ ਹੋ, ਤਾਂ ਉਸ ਨੂੰ ਪਾਉਣ ਲਈ ਖ਼ੁਦਾ ਤੁਹਾਡੀ ਮਦਦ ਜ਼ਰੂਰ ਕਰੇਗਾ। ਫਿਰ ਮਸੀਹ ਵਿਚ ਬਪਤਿਸਮਾ ਲੈ ਕੇ, ਫ਼ਿਲਿਪਸ ਵਾਂਗ ਤੁਸੀਂ ਵੀ ਕਹਿ ਸਕੋਗੇ, ''ਜਿਹਦੇ ਵਿਖੇ ਮੂਸਾ ਨੇ ਤੁਰੇਤ ਵਿਚ ਅਤੇ ਨਬੀਆਂ ਨੇ ਲਿਖਿਆ, ਸੋ *[ਮੈਨੂੰ]* ਲੱਭ ਗਿਆ; ਉਹ ਯੂਸੁਫ਼ ਦਾ ਪੁੱਤਰ, ਯਿਸੂ ਨਾਸਰੀ ਹੈ'' (ਯੂਹੰਨਾ 1:45)। ਉਨ੍ਹਾਂ ਨਜੂਮੀਆਂ ਵਾਂਗ ਤੁਸੀਂ ''ਅਜਿਹੇ ਅਨੰਦਿਤ ਅਤੇ ਮਗਨ'' ਹੋ ਸਕਦੇ ਹੋ, ''ਜੋ ਵਰਣਨ ਤੋਂ ਬਾਹਰ ਅਤੇ ਤੇਜ ਨਾਲ ਭਰਪੂਰ ਹੈ'' (1 ਪਤਰਸ 1:8)!

## ਉਨ੍ਹਾਂ ਯਿਸੂ ਦੀ ਬੰਦਗੀ ਕੀਤੀ (ਆਇਤਾਂ 2, 11)

ਯਿਸੂ ਨੂੰ ਪਾ ਕੇ, ਉਨ੍ਹਾਂ ਜੋਤਸ਼ੀਆਂ ਨੇ ਉਸ ਨੂੰ ਮੱਥਾ ਟੇਕਿਆ। ਉਨ੍ਹਾਂ ਨੇ ਯਹੂਦੀਆਂ ਦੇ ਰਾਜੇ ਨੂੰ ਇਸ ਲਈ ਨਹੀਂ ਲੱਭਿਆ ਸੀ ਕਿ ਉਹ ਇਸ ਗੱਲ ਤੇ ਮਾਣ ਕਰ ਸਕਣ ਕਿ ਉਨ੍ਹਾਂ ਨੇ ਇਕ ਇਲਾਹੀ ਬੁਝਾਰਤ ਬੁੱਝ ਲਈ ਹੈ। ਉਨ੍ਹਾਂ ਕਿਹਾ ਸੀ ਕਿ ਫ਼ਲਸਤੀਨ ਵਿਚ ''ਉਸ ਦੀ *ਬੰਦਗੀ* ਕਰਨ ਆਏ ਹਾਂ'' (ਆਇਤ 2)। ਅਸਲ ਵਿਚ ਉਨ੍ਹਾਂ ਉਸ ਨੂੰ ਪਾ ਕੇ ''ਮੂੰਹ ਭਰਨੇ ਡਿੱਗ ਕੇ ਉਸ ਨੂੰ ਮੱਥਾ ਟੇਕਿਆ'' (ਆਇਤ 11)। ਰਾਜਿਆਂ ਦੇ ਰਾਜੇ ਨੂੰ ਜੋ ਵਡਿਆਈ ਦੇਣੀ ਬਣਦੀ ਸੀ, ਉਨ੍ਹਾਂ ਦਿੱਤੀ (ਪ੍ਰਕਾਸ਼ ਦੀ ਪੋਥੀ 19:16)।[19]

ਪਰ ਉਨ੍ਹਾਂ ਨੇ ਉਸ ਨੂੰ ਸਿਰਫ਼ ਸਜਦਾ ਜਾਂ ਮੱਥਾ ਹੀ ਨਹੀਂ ਟੇਕਿਆ ਸਗੋਂ ''ਆਪਣੀਆਂ ਥੈਲੀਆਂ ਖੋਲ੍ਹ ਕੇ ਸੋਨਾ, ਅਤੇ ਲੁਬਾਨ ਅਤੇ ਗੰਧਰਸ ਭੇਂਟ ਕੀਤੀ'' (ਮੱਤੀ 2:11)।[20] ਕੁਝ ਲੋਕ ਇਨ੍ਹਾਂ ਭੇਟਾਂ ਨੂੰ ਸੰਕੇਤਕ ਮਹੱਤਵ ਦਿੰਦੇ ਹਨ ਕਿ ਸੋਨਾ ਰਾਜੇ ਲਈ ਸਹੀ ਭੇਂਟ ਸੀ। ਜਿਵੇਂ ਨਾਂਅ ਤੋਂ ਹੀ ਪਤਾ

ਲਗਦਾ ਹੈ, *ਲੁਬਾਨ* ਨੂੰ ਧੂਪ ਦੇ ਰੂਪ ਵਿਚ ਵਰਤਿਆ ਜਾਂਦਾ ਸੀ।[21] ਜਿਹੜਾ ਯਾਜਕ ਲਈ ਢੁਕਵੀਂ ਭੇਂਟ ਸੀ। ਮੁਰ ਦੀ ਵਰਤੋਂ ਕਫ਼ਨ ਦਫ਼ਨ ਕਰਨ ਲਈ ਲਾਸ਼ ਦੀ ਤਿਆਰੀ ਵੇਲੇ ਕੰਮ ਆਉਂਦਾ ਸੀ (ਯੂਹੰਨਾ 19:39); ਇਹ ਭੇਂਟਾਂ ਮੁਕਤੀ ਦਾਤੇ ਲਈ, ਜਿਸ ਨੇ ਸਾਡੇ ਪਾਪਾਂ ਖ਼ਾਤਰ ਮਰਨਾ ਸੀ, ਯੋਗ ਸਨ। ਯਿਸੂ ਰਾਜਾ ਵੀ ਸੀ, ਯਾਜਕ ਵੀ ਅਤੇ ਮੁਕਤੀ ਦਾਤਾ ਵੀ, ਪਰ ਇਨ੍ਹਾਂ ਭੇਂਟਾਂ ਨੂੰ ਇਸ ਲਈ ਚੁਣਿਆ ਗਿਆ ਸੀ ਕਿਉਂਕਿ ਮਹਿੰਗੀਆਂ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਲੰਮੇ ਸਫ਼ਰ ਵਿਚ ਚੁੱਕ ਕੇ ਲਿਜਾਣਾ ਵੀ ਅਸਾਨ ਸੀ।[22]

ਇਨ੍ਹਾਂ ਤੋਹਫ਼ਿਆਂ ਦਾ ਅਸਲੀ ਮਹੱਤਵ ਇਸ ਗੱਲ ਵਿਚ ਨਹੀਂ ਹੈ ਕਿ ਉਨ੍ਹਾਂ ਕੀ ਮਤਲਬ ਕੱਢਿਆ ਸੀ, ਇਹ ਤਾਂ ਉਨ੍ਹਾਂ ਨਜੂਮੀਆਂ ਦੀ ਆਪਣੇ ਰਾਜੇ ਲਈ ਸ਼ਰਧਾ ਵਿਖਾਉਣ ਦਾ ਇਕ ਢੰਗ ਸੀ। ਅਸਲੀ ਬੰਦਗੀ ਅਤੇ ਕੁਰਬਾਨੀ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਹੈ।[23] ਪੁਰਾਣੇ ਨੇਮ ਵਿਚ ਕੁਰਬਾਨੀਆਂ ਹੁੰਦੀਆਂ ਸਨ ਅਤੇ ਨਵੇਂ ਨੇਮ ਵਿਚ ਹਰ ਹਫ਼ਤੇ ਦੇ ਪਹਿਲੇ ਦਿਨ ਆਪਣੀ ਇੱਛਾ ਮੁਤਾਬਕ ਚੜ੍ਹਾਵੇ ਦਿੱਤੇ ਜਾਂਦੇ ਹਨ (1 ਕੁਰਿੰਥੀਆਂ 16:1, 2; 2 ਕੁਰਿੰਥੀਆਂ 9:7)। ਕਈ ਵਾਰ ਬੰਦਗੀ ਵਿਚ ਦਾਨ ਦੇਣ ਵੇਲੇ ਰੌਲਾ ਵਧ ਜਾਂਦਾ ਹੈ, ਜਿਸ ਨਾਲ ਇਹ ਸੰਕੇਤ ਮਿਲਦਾ ਹੈ ਕਿ ਕੁਝ ਲੋਕ ਕੁਰਬਾਨੀ ਨੂੰ ਬੰਦਗੀ ਦੇ ਮਹੱਤਵਪੂਰਣ ਭਾਗ ਵਿਚ ਨਹੀਂ ਵੇਖਦੇ, ਪਰ ਇਹ ਵੀ ਓਨਾਂ ਹੀ ਅਹਿਮ ਹੈ।

ਕੀ ਤੁਹਾਡੇ ਕੋਲ ਪ੍ਰਭੂ ਨੂੰ ਚੜ੍ਹਾਉਣ ਲਈ ਸੋਨਾ, ਲੁਬਾਨ, ਜਾਂ ਮੁਰ ਨਹੀਂ ਹੈ? ਤਾਂ ਫਿਰ ਉਸ ਨੂੰ ਉਹੀ ਦਿਓ ਜੋ ਤੁਹਾਡੇ ਕੋਲ ਸਭ ਤੋਂ ਵਧੀਆ ਹੈ। ਪਹਿਲਾਂ ਤਾਂ, ਆਪਣੇ ਆਪ ਨੂੰ ਦਿਓ (2 ਕੁਰਿੰਥੀਆਂ 8:5; ਵੇਖੋ ਰੋਮੀਆਂ 12:1, 2)। ਫਿਰ ਉਹ ਦਿਓ ਜੋ ਤੁਹਾਡਾ ਹੈ ਭਾਵ ਉਸ ਨੂੰ ਆਪਣੀਆਂ ਉੱਤਮ ਵਸਤਾਂ ਹੀ ਦਿਓ। ਦਾਊਦ ਨੂੰ ਖ਼ੁਦਾ ਅੱਗੇ ਅਜਿਹੀਆਂ ਭੇਂਟਾਂ ਲਿਜਾਣਾ ਚੰਗਾ ਨਹੀਂ ਲੱਗਾ, ਜਿਸ ਦੀ ਉਸਨੂੰ ਕੋਈ ਕੀਮਤ ਨਾ ਦੇਣੀ ਪਈ ਹੋਵੇ (2 ਸਮੂਏਲ 24:24)।

ਉਨ੍ਹਾਂ ਜੋਤਸ਼ੀਆਂ ਨੂੰ ਜਦ ਯਿਸੂ ਮਿਲ ਗਿਆ, ਤਾਂ ਉਨ੍ਹਾਂ ਨੇ ਉਸ ਨੂੰ ਮੱਥਾ ਟੇਕਿਆ ਅਤੇ ਉਸ ਨੂੰ ਭੇਂਟਾਂ ਚੜ੍ਹਾਈਆਂ। ਕੀ ਅਸੀਂ ਉਨ੍ਹਾਂ ਵਾਂਗ ਸਿਆਣੇ ਹਾਂ?[24]

## ਸਾਰ (ਆਇਤਾਂ 10, 12)

ਜੋਤਸ਼ੀਆਂ ਦੀਆਂ ਕੁਝ ਚੰਗੀਆਂ ਗੱਲਾਂ ਹਨ, ਜੋ ਸਾਨੂੰ ਨਹੀਂ ਪਤਾ। ਯਰੂਸ਼ਲਮ ਵਿਚ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਅਸੀਂ ਉਨ੍ਹਾਂ ਬਾਰੇ ਬਹੁਤ ਘੱਟ ਜਾਣਦੇ ਹਾਂ। ਉੱਥੋਂ ਆਪਣੇ ਦੇਸ਼ ਪਰਤ ਜਾਣ ਦੇ ਬਾਅਦ ਵੀ ਅਸੀਂ ਉਨ੍ਹਾਂ ਬਾਰੇ ਕੁਝ ਨਹੀਂ ਜਾਣਦੇ। ਬਾਈਬਲ ਦੇ ਪੰਨਿਆਂ ਤੇ ਇਕ ਯਾਦਗਾਰੀ ਦ੍ਰਿਸ਼ ਲਈ ਪਰਗਟ ਹੁੰਦੇ ਹਨ ਅਤੇ ਅਲੋਪ ਹੋ ਜਾਂਦੇ ਹਨ। ਪਰ ਇਕ ਤੱਥ ਜਿਹੜਾ ਅਸੀਂ ਜਾਣਦੇ ਹਾਂ ਉਹ ਇਹ ਹੈ ਕਿ ਪ੍ਰਭੂ ਦੀ ਤਲਾਸ਼ ਕਰਨ ਕਰਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਬਰਕਤਾਂ ਮਿਲੀਆਂ ਸਨ। ਆਇਤ 10 ਯਾਦ ਰੱਖੋ: ''ਉਸ ਤਾਰੇ ਨੂੰ ਵੇਖ ਕੇ ਉਹ ਬੜੇ ਅਨੰਦਿਤ ਹੋਏ।'' ਇਹ ਸੰਕੇਤ ਦਿੰਦੇ ਹੋਏ ਕਿ ਅਨੰਦ ਨਾਲ *ਭਰ ਗਏ* ਸਨ, ਲੇਖਕ ਨੇ ਇਕ ਇਬਰਾਨੀ ਇਜ਼ਹਾਰ ਦੀ ਵਰਤੋਂ ਕੀਤੀ ਹੈ। ਉਨ੍ਹਾਂ ਨਜੂਮੀਆਂ ਦੀ ਖੁਸ਼ੀ ਬਾਰੇ ਜਾਣਨ ਲਈ ਸਾਡੇ ਲਈ ਐਨਾ ਹੀ ਕਾਫ਼ੀ ਹੈ, ਪਰ ਵਚਨ ਵਿਚ ''ਬੜੇ ਅਨੰਦਿਤ'' ਸ਼ਬਦ ਜੋੜਿਆ ਗਿਆ ਹੈ। ਜੋਤਸ਼ੀ ਬੇਹੱਦ ਖੁਸ਼ ਸਨ ਕਿਉਂਕਿ ਉਨ੍ਹਾਂ ਨੇ ਪ੍ਰਭੂ ਨੂੰ ਪਾ ਲਿਆ ਸੀ। ਬੈਤਲਹਮ ਵਿਚ ਉਸ ਛੋਟੇ ਜਿਹੇ ਘਰੋਂ ਨਿੱਕਲ ਕੇ, ਆਪਣੇ ਅੱਗੇ ਗਏ ਆਜੜੀਆਂ ਵਾਂਗ (ਲੂਕਾ 2:17, 18), ਉਨ੍ਹਾਂ ਉਸ ਛੋਟੇ ਰਾਜੇ ਦੇ ਦਰਸ਼ਨ ਦੀ ਗੱਲ ਸਭ ਨੂੰ ਦੱਸ ਦਿੱਤੀ ਹੋਵੇਗੀ।

ਜੇ ਤੁਸੀਂ ਮੁਕਤੀ ਦਾਤੇ ਨੂੰ ਲੱਭਦੇ ਹੋ ਅਤੇ ਉਹਨੂੰ ਮਿਲ ਜਾਂਦਾ ਹੈ, ਤਾਂ ਤੁਹਾਡੀ ਜ਼ਿੰਦਗੀ ਵਿਚ ਵੀ ਤੁਹਾਡੀ ਕਲਪਨਾਂ ਨਾਲੋਂ ਕਿਤੇ ਵੱਧ ਬਰਕਤ ਮਿਲੇਗੀ। ਪੌਲੁਸ ਨੇ ਲਿਖਿਆ, ''ਧੰਨ ਉਹ ... ਜਿਨ੍ਹਾਂ ਦੇ ਪਾਪ ਢੱਕੇ ਗਏ'' (ਰੋਮੀਆਂ 4:7)। ਉਸ ਨੇ ਫੇਰ ਕਿਹਾ, ''ਲਿਖਿਆ ਹੋਇਆ ਹੈ, ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀ ਸੁਣੀਆਂ, ਨਾ ਇਨਸਾਨ ਦੇ ਮਨ ਵਿਚ ਆਈਆਂ,

ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ'' (1 ਕੁਰਿੰਥੀਆਂ 2:9)।

ਜਿਨ੍ਹਾਂ ਆਇਤਾਂ ਦਾ ਅਧਿਐਨ ਅਸੀਂ ਕਰ ਰਹੇ ਹਾਂ, ਉਨ੍ਹਾਂ ਵਿਚ ਯਿਸੂ ਬਾਰੇ ਤਿੰਨ ਵੱਖ ਵੱਖ ਵਿਹਾਰਾਂ ਵਾਲੇ ਸਮੂਹ ਹਨ: ਨਜੂਮੀਆਂ ਭਾਵ ਬੁੱਧਵਾਨ ਲੋਕਾਂ ਨੇ ਮਸੀਹ ਨੂੰ ਸਜਦਾ ਕਰਨ ਲਈ ਉਸ ਨੂੰ ਕਿਵੇਂ ਲੱਭਿਆ। ਹੇਰੋਦੇਸ ਨੇ ਯਿਸੂ ਨੂੰ ਕਤਲ ਕਰਨ ਲਈ ਕਿਵੇਂ ਲੱਭਿਆ। ਧਾਰਮਿਕ ਆਗੂਆਂ ਨੇ ਯਿਸੂ ਨੂੰ ਲੱਭਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਭਾਵੇਂ ਉਹ ਸਿਰਫ਼ ਕੁਝ ਮੀਲ ਦੂਰ ਹੀ ਸੀ। ਇਨ੍ਹਾਂ ਤਿੰਨ ਕਿਸਮਾਂ ਦੇ ਲੋਕ ਅੱਜ ਵੀ ਹਨ: ਅਜਿਹੇ ਲੋਕ ਅੱਜ ਵੀ ਹਨ, ਜਿਹੜੇ ਯਿਸੂ ਦਾ ਸਾਮਹਣਾ ਅਤੇ ਉਹਦਾ ਵਿਰੋਧ ਕਰਦੇ ਹਨ, ਕਿਉਂਕਿ ਉਹ ਉਸ ਨੂੰ ਆਪਣੀ ਖੁਦਗਰਜ਼ ਜ਼ਿੰਦਗੀ ਲਈ ਖ਼ਤਰਾ ਮੰਨਦੇ ਹਨ। ਅਜਿਹੇ ਬਹੁਤ ਸਾਰੇ ਲੋਕ ਹਨ, ਜੋ ਭੁੱਲ ਜਾਂਦੇ ਹਨ ਕਿ ਯਿਸੂ ਕੌਣ ਹੈ ਅਤੇ ਕਿਵੇਂ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਬਰਕਤ ਲਿਆਉਂਦਾ ਹੈ। ਪਰ ਸ਼ੁਕਰ ਹੈ ਖ਼ੁਦਾ ਦਾ ਕਿ ਅਜਿਹੇ ਕੁਝ ਲੋਕ ਹਨ, ਜੋ ਉਸ ਦੀ ਤਲਾਸ਼ ਕਰਦੇ ਹਨ। ਮੈਨੂੰ ਉਮੀਦ ਹੈ ਕਿ ਤੁਸੀਂ ਉਸ ਨੂੰ ਭਾਲਣ ਵਾਲੇ ਲੋਕਾਂ ਵਿੱਚੋਂ ਹੋ।[25]

---


ਟਿੱਪਣੀਆਂ

[1]ਪ੍ਰਭੂ ਦੀ ਤਲਾਸ਼ ਨਾਲ ਸਬੰਧਿਤ ਕਈ ਆਇਤਾਂ ਹਨ। ਉੱਪਰ ਦਿੱਤੀਆਂ ਇਨ੍ਹਾਂ ਆਇਤਾਂ ਦੇ ਇਲਾਵਾ, ਅਜ਼ਰਾ 8:22; ਜ਼ਬੂਰਾਂ ਦੀ ਪੋਥੀ 10:4; 14:2 ਵੀ ਮੇਰਾ ਧਿਆਨ ਖਿੱਚਦੇ ਹਨ। [2]ਇਹ ਪ੍ਰਚਾਰ ਕਰਨ ਵੇਲੇ, ਮੈਂ ਜੋੜ ਦਿੱਤਾ, ''ਮੈਂ ਬਹੁਤਾ ਵਕਤ ਪਹਿਲੀ ਗੱਲ ਤੇ ਹੀ ਦਿਆਂਗਾ, ਇਸ ਲਈ ਜੇ ਮੈਂ ਪੰਦਰਾਂ ਵੀਹ ਮਿੰਟ ਇਸੇ ਤੇ ਬੋਲਦਾ ਰਹਾਂ ਅਤੇ ਦੂਜੀ ਗੱਲ ਤੇ ਨਾ ਆਵਾਂ ਤਾਂ ਘਬਰਾਇਓ ਨਾ।'' [3]ਜੇ ਤੁਹਾਡੇ ਸੁਣਨ ਵਾਲੇ ਇਸ ਕਹਾਣੀ ਤੋਂ ਵਾਕਫ਼ *ਨਹੀਂ* ਹਨ, ਤਾਂ ਤੁਸੀਂ ਉਨ੍ਹਾਂ ਨੂੰ ਪਹਿਲਾਂ ਇਹ ਕਹਾਣੀ ਵਿਸਥਾਰ ਵਿਚ ਸੁਣਾਓ। [4]''ਦ ਵੈੱਲਕਮ ਆਫ਼ ਕਿੰਗ'' ਵਿਚ ਜਿੰਨ ਕਲੋਰ ਨੇ ਦੱਸਿਆ ਕਿ ਉਨ੍ਹਾਂ ਨਜੂਮੀਆਂ ਨੇ ਕੀ ਕੀਤਾ ਸੀ। ਫਿਰ, ਹਰ ਭਾਗ ਦੇ ਅਖ਼ੀਰ ਵਿਚ ਪੁੱਛਿਆ, ''ਕੀ ਅਸੀਂ ਉਨ੍ਹਾਂ ਨਾਲੋਂ ਸਿਆਣੇ ਹਾਂ?'' (''ਮੈਥਿਊ: ਇੰਟ੍ਰੋਡਿਊਸਿੰਗ ਦ ਕਿੰਗ,'' *ਟਰੁੱਥ ਫ਼ਾਰ ਟੁਡੇ [*ਅੰਗ੍ਰੇਜ਼ੀ ਅੰਕ, ਜੁਲਾਈ 1989*]*: 6–8)। [5]ਸਤਵੀਂ ਸਦੀ ਦੀ ਦੰਦਕਥਾ ਵਿਚ ਇਨ੍ਹਾਂ ਜੋਤਸ਼ੀਆਂ ਦੇ ਨਾਂਅ ਅਤੇ ਇਹ ਕਿ ਕਿਸ ਕਿਸ ਦੇਸ਼ ਵਿੱਚੋਂ ਸਨ, ਅਤੇ ਕੀ ਕੀ ਤੋਹਫ਼ੇ ਲਿਆਏ ਸਨ, ਦੱਸਿਆ ਜਾਂਦਾ ਹੈ। ਜਿਵੇਂ ਪਹਿਲੇ ਇਕ ਪਾਠ ਵਿਚ ਸੁਝਾਅ ਦਿੱਤਾ ਗਿਆ ਸੀ, ਕੁਦਰਤ ਨੂੰ ਭੌਤਿਕ ਖਾਲੀਪਣ ਤੋਂ ਨਫ਼ਰਤ ਹੈ ਅਤੇ ਉਹ ਇਸ ਨੂੰ ਭਰਨ ਵਿਚ ਛੇਤੀ ਕਰਦੀ ਹੈ। ਮਨੁੱਖ ਜਾਣਕਾਰੀ ਦੇ ਖਾਲੀਪਣ ਤੋਂ ਨਫ਼ਰਤ ਕਰਦਾ ਹੈ। ਜਦ ਉਹ ਇਸ ਨੂੰ ਗਿਆਨ ਨਾਲ ਨਹੀਂ ਭਰ ਸਕਦੇ, ਤਾਂ ਅੰਦਾਜ਼ੇ ਨਾਲ ਜ਼ਰੂਰ ਭਰਦੇ ਹਨ। [6]ਜੋਤਸ਼ੀਆਂ ਅਤੇ ਹੋਰ ਜਾਣਕਾਰੀ ਲਈ ''ਸਾਡੇ ਲਈ ਇਕ ਬਾਲਕ ਜੰਮਿਆ'' ਪਾਠ ਵੇਖੋ। [7]ਇਕ ਪੁਰਾਣੇ ਤਹਿਖਾਨੇ ਦੀ ਤਸਵੀਰ ਵਿਚ ਦੋ ਜੋਤਸ਼ੀ ਵਿਖਾਏ ਗਏ ਹਨ, ਜਿਸ ਦੀ ਇਕ ਪੁਰਾਤਨ (ਬਾਈਬਲ ਦੇ ਬਾਹਰ ਦੀ) ਕਲੀਸੀਆਈ ਰਵਾਇਤ ਵਿਚ ਸੁਝਾਅ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਨਜੂਮੀਆਂ ਦੀ ਗਿਣਤੀ ਬਾਰਾਂ ਸੀ। [8]ਇਸ ਦੇ ਹਕੀਕਤ ਦੇ ਸਬੰਧ ਵਿਚ ਕਿ ਮਸੀਹਾ ਨੇ ਸਭ ਲੋਕਾਂ ਨੂੰ ਬਰਕਤ ਦੇਣੀ ਸੀ, ਵੇਖੋ ਯਸਾਯਾਹ 42:1, 6; 49:6, 22; ਮੱਤੀ 12:18–21. [9]ਰਸੂਲਾਂ ਦੇ ਕੰਮ 2:9 ਵਿਚ ਯਹੂਦੀਆਂ ਦੇ ਫ਼ਲਸਤੀਨ ਦੇ ਕੁਝ ਪੂਰਬੀ ਖੇਤਰਾਂ ਵਿਚ ਹੋਣ ਦਾ ਜ਼ਿਕਰ ਹੈ। [10]ਮੱਤੀ 23:15 ਇਕ ਨਕਾਰਾਤਮਕ ਹਵਾਲਾ ਹੈ, ਪਰ ਇਸ ਵਿਚ ਯਹੂਦੀਆਂ ਦੇ ਬੇਦੀਨ ਹੋਣ ਦੀ ਗਤੀਵਿਧੀ ਦੀ ਗੱਲ ਹੈ। ਜੋਸਿਫ਼ਸ ਦੇ ਮੁਤਾਬਕ, ਇਹ ਵਿਚਾਰ ਕਿ ਦੁਨੀਆ ਤੇ ਹਕੂਮਤ ਕਰਨ ਵਾਲਾ ਬਾਦਸ਼ਾਹ ਯਹੂਦੀਆਂ ਵਿੱਚੋਂ ਨਿੱਕਲੇਗਾ, ਦੂਰ ਦੂਰ ਤਕ (ਕੁਝ ਹੱਦ ਤਕ) ਫੈਲਿਆ ਹੋਇਆ ਸੀ।

[11]ਅੰਦਾਜ਼ਿਆਂ ਵਿਚ ਗ੍ਰਹਿ ਸੰਯੋਗ, ਨਵਾਤਰੇ ਅਤੇ ਧੂਮਕੇਤੂ ਸ਼ਾਮਿਲ ਹਨ। ਇਸ ਵਿਚ ਕੋਈ ਵੀ ਇਸ ਤਾਰੇ ਜਾਂ ਇਸ ਦੇ ਕੰਮ ਦੇ ਬਾਈਬਲ ਦੇ ਵੇਰਵੇ ਨਾਲ ਮੇਲ ਨਹੀਂ ਖਾਂਦਾ। [12]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼,* (ਸਿੰਸਿਨਾਟੀ:

ਸਟੈਂਡਰਡ ਪਬਲਿਸ਼ਿੰਗ ਕੰ., 1914), 42. [13]ਖ਼ੁਦਾ ਨੂੰ ਭਾਉਣ ਵਾਸਤੇ ਹਲੀਮ ਹੋਣ ਦੀ ਲੋੜ ਅਤੇ ਹੋਰ ਬਹੁਤ ਸਾਰੀਆਂ ਆਇਤਾਂ ਵਿੱਚੋਂ ਯਾਕੂਬ 4:6 ਅਤੇ 1 ਪਤਰਸ 5:5 ਹੈ। [14]ਹੋਰ ਵਾਕ ਅੰਸ਼, ''ਯਹੂਦੀਆਂ ਦੇ'' ਇਸ ਨਗਰ ਨੂੰ ਫ਼ਲਸਤੀਨ ਵਿਚ ਪਾਏ ਜਾਣ ਵਾਲੇ ਇਕ ਹੋਰ ਬੈਤਲਹਮ ਨਾਲੋਂ ਅੱਡ ਕਰਦਾ ਹੈ (ਯਹੋਸ਼ੁਆ 19:15, 16; ਨਿਆਈਆਂ 12:8, 10)। [15]ਨਾਮ ''ਬੈਤਲਹਮ'' ਦਾ ਅਰਥ ਹੈ ''ਰੋਟੀ ਦਾ ਘਰ।'' ''ਜ਼ਿੰਦਗੀ ਦੀ ਰੋਟੀ'' ਦੇ ਜਨਮ ਸਥਾਨ ਦੇ ਰੂਪ ਵਿਚ ਇਹ ਨਾਂਅ ਮੇਲ ਖਾਂਦਾ ਹੈ (ਯੂਹੰਨਾ 6:48)। [16]ਗ੍ਰੰਥੀਆਂ ਅਤੇ ਯਾਜਕਾਂ ਨੇ 2 ਸਮੂਏਲ 5:2 ਵਿੱਚੋਂ ਇਕ ਵਾਕ ਅੰਸ਼ ਜੋੜ ਲਿਆ ਸੀ। [17]ਲੱਭਣ ਤੇ ਤੁਸੀਂ ਕੋਈ ਆਪਣੀ ਮਿਸਾਲ ਦੇਣਾ ਚਾਹੁੰਦੇ ਹੋ ਤਾਂ ਦੇ ਸਕਦੇ ਹੋ। ਲੂਕਾ 15 ਅਧਿਆਇ ਸਾਨੂੰ ਇਕ ਅਯਾਲੀ ਦੀ ਖੁਸ਼ੀ ਅਤੇ ਉਸ ਔਰਤ ਦੀ ਖੁਸ਼ੀ ਬਾਰੇ ਦੱਸਦਾ ਹੈ, ਜਿਸ ਨੂੰ ਉਸ ਦਾ ਗੁਆਚਿਆ ਸਿੱਕਾ ਮਿਲ ਗਿਆ ਸੀ। [18]ਵਚਨ ਤੋਂ ਇਸ ਦਾ ਅਰਥ ਸਮਝ ਆਉਂਦਾ ਹੈ। ਤਾਰੇ ਬਾਰੇ ਬਹੁਤ ਕੁਝ ਅਜਿਹਾ ਹੈ, ਜੋ ਅਸੀਂ ਨਹੀਂ ਜਾਣਦੇ। ਜਿਵੇਂ, ਉਹ ਹਰ ਰਾਤ ਨਜ਼ਰ ਆਉਂਦਾ ਸੀ ਜਾਂ ਸਿਰਫ਼ ਕਦੇ ਕਦੇ। [19]''ਮੱਥਾ ਟੇਕਿਆ'' ਦਾ ਅਰਥ ਖ਼ੁਦਾ ਨੂੰ ਜਾਂ ਮਨੁੱਖ ਨੂੰ ਸ਼ਰਧਾਂਜਲੀ ਦੇਣਾ ਹੋ ਸਕਦਾ ਹੈ। ਅੰਗ੍ਰੇਜ਼ੀ ਵਿਚ ਇਹਦੀ ਥਾਂ ''ਬੰਦਗੀ'' ਲਈ ਸ਼ਬਦ ਦਿੱਤਾ ਗਿਆ ਹੈ। ਇਸ ਕਰਕੇ ਇਹ ਸਵਾਲ ਉੱਠਦਾ ਹੈ ਕਿ ਉਨ੍ਹਾਂ ਜੋਤਸ਼ੀਆਂ ਨੇ ਯਿਸੂ ਦੀ ਬੰਦਗੀ ਉਸ ਨੂੰ ਖ਼ੁਦਾ ਮੰਨ ਕੇ ਕੀਤੀ ਜਾਂ ਬਾਦਸ਼ਾਹ ਮੰਨ ਕੇ। ਪੰਜਾਬੀ ਵਿਚ ਮੂਲ ਭਾਸ਼ਾ ਅਨੁਸਾਰ ਮੱਤੀ ਵਿਚ ''ਖ਼ੁਦਾ ਨੂੰ ਸ਼ਰਧਾਂਜਲੀ'' ਦਾ ਕਬੂਲਿਆ ਅਰਥ ਦਿੰਦੇ ਹੋਏ ''ਮੂੰਹ ਭਰਨੇ ਡਿੱਗ ਕੇ ਉਸ ਨੂੰ ਮੱਥਾ ਟੇਕਿਆ'' ਦਿੱਤਾ ਗਿਆ ਹੈ ਅਤੇ ਲਗਦਾ ਹੈ ਕਿ ਉਨ੍ਹਾਂ ਇਵੇਂ ਹੀ ਕੀਤਾ ਹੋਵੇਗਾ। [20]ਤਿੰਨ ਤੋਹਫ਼ਿਆਂ ਤੇ ਵਧਰੇ ਜਾਣਕਾਰੀ ਲਈ ''ਸਾਡੇ ਲਈ ਇਕ ਬਾਲਕ ਜੰਮਿਆ'' ਪਾਠ ਵੇਖੋ।

[21]ਲੁਬਾਨ ਦੀ ਵਰਤੋਂ ਵੇਦੀ ਉੱਤੇ ਵਰਤੇ ਜਾਣ ਵਾਲੇ ਧੂਪ ਦੇ ਰੂਪ ਵਿਚ ਕੀਤੀ ਜਾਂਦੀ ਸੀ (ਕੂਚ 30:34–38)। [22]ਖ਼ੁਦਾ ਦੇ ਉਪਾਅ ਮੁਤਾਬਕ, ਯੂਸੁਫ਼ ਇੰਨਾਂ ਤੋਹਫ਼ਿਆਂ ਨੂੰ ਅਸਾਨੀ ਨਾਲ ਮਿਸਰ ਵਿਚ ਲੈ ਗਿਆ ਹੋਵੇਗਾ। [23]ਕਿਸੇ ਨੇ ਕਿਹਾ ਹੈ ਕਿ ਬਿਨਾਂ ਬੰਦਗੀ ਦੇ ਚੜ੍ਹਾਵਾ ਚੜ੍ਹਾਇਆ ਜਾ ਸਕਦਾ ਹੈ, ਪਰ ਬਗੈਰ ਚੜ੍ਹਾਵੇ ਦੇ ਬੰਦਗੀ ਨਹੀਂ ਹੋ ਸਕਦੀ। ਕਿਉਂਕਿ ਇਹਦੇ ਲਈ ਜਲਾਲੀ ਖ਼ੁਦਾ ਅੱਗੇ ਆਪਣਾ ਦਿਲ, ਜਾਨ ਅਤੇ ਰੂਹ ਪੇਸ਼ ਕਰਨੀ ਜ਼ਰੂਰੀ ਹੈ। [24]ਇਸ ਲੜੀ ਦਾ ਜ਼ਿਕਰ ਕਰਨ ਲਈ ਤੁਹਾਨੂੰ ਸਮਾਂ ਦੱਸਣ ਦੀ ਲੋੜ ਪੈ ਸਕਦੀ ਹੈ: ਖ਼ੁਦਾ ਨੇ ਉਨ੍ਹਾਂ ਨਜੂਮੀਆਂ ਨੂੰ ਕਿਵੇਂ ਚੁਕੰਨੇ ਕੀਤਾ ਅਤੇ ਕਿਵੇਂ ਉਹ ਦੂਜੇ ਰਾਹ ਚਲੇ ਗਏ (ਮੱਤੀ 2:12)। ਕੁਝ ਪ੍ਰਚਾਰਕ ਇੱਥੇ ਇਕ ਨੂੰ ਵਧੇਰੇ ਢੁਕਦਾ ਬਣਾਉਂਦੇ ਹਨ ਕਿ ਜਿਵੇਂ ਜੋਤਸ਼ੀ ''ਦੂਜੇ ਰਾਹੇ ਆਪਣੇ ਵਤਨ ਪਰਤ ਗਏ'' (ਮੱਤੀ 2:12), ਉਵੇਂ ਹੀ ਮਸੀਹੀ ਬਣਨ ਦੇ ਬਾਅਦ ਸਾਨੂੰ ਵੀ ਦੂਜੇ ਰਾਹੇ ਜਾਣਾ ਜ਼ਰੂਰੀ ਹੈ। ਦੂਜੇ ਸ਼ਬਦਾਂ ਵਿਚ, ਸਾਡੀ ਜ਼ਿੰਦਗੀ ਬਦਲ ਜਾਣੀ ਚਾਹੀਦੀ ਹੈ। [25]ਇਸ ਸ਼ਬਦ ਦੀ ਵਰਤੋਂ ਕਰਦਿਆਂ ਤੁਹਾਨੂੰ ਚਾਹੀਦਾ ਹੈ ਕਿ ਇਸ ਤੇ ਵਿਚਾਰ ਕਰੋ ਕਿ ਮਸੀਹੀ ਬਣਨ ਲਈ ਕੀ ਕਰਨਾ ਜ਼ਰੂਰੀ ਹੈ। ਲੋਕਾਂ ਨੂੰ ਉਤਸਾਹਿਤ ਕਰੋ ਕਿ ਜਿੰਨੀ ਛੇਤੀ ਹੋ ਸਕੇ, ਉਹ ਪ੍ਰਭੂ ਦਾ ਹੁਕਮ ਮੰਨਣ। ਇਸ ਪਾਠ ਦੇ ਸੁਭਾਅ ਕਾਰਣ ਸੁਣਨ ਵਾਲਿਆਂ ਨੂੰ ਜੋ ਬਾਈਬਲ ਨਾਲ ਜੁੜੇ ਉਨ੍ਹਾਂ ਸਵਾਲਾਂ ਬਾਰੇ ਪੁੱਛਣਾ ਚਾਹੁੰਦੇ ਹਨ ਕਿ ਤੁਸੀਂ ਮੁਕਤੀ ਦਾਤੇ ਦੀ ਉਨ੍ਹਾਂ ਦੀ ਖੋਜ ਵਿਚ ਉਨ੍ਹਾਂ ਦੀ ਮਦਦ ਕਰ ਸਕੋ, ਉਨ੍ਹਾਂ ਨੂੰ ਉਤਸਾਹਿਤ ਕਰਨਾ ਹੀ ਠੀਕ ਹੋਵੇਗਾ।


ਅੰਟੋਨੀਆ
ਦਾ ਕਿਲ੍ਹਾ
ਹੈਕਲ
ਇਸਰਾਏਲ
ਦਾ ਅਹਾਤਾ
ਯਾਜਕਾਂ
ਦਾ ਅਹਾਤਾ
ਵੇਦੀ
ਹੌਜ਼
ਸੁੰਦਰ ਨਾਮਕ
ਫਾਟਕ
ਔਰਤਾਂ ਦਾ
ਅਹਾਤਾ
ਅਤਿ
ਪਵਿੱਤਰ
ਅਸਥਾਨ
ਪਵਿੱਤਰ
ਅਸਥਾਨ
ਸੁਲੇਮਾਨ ਦਾ
ਦਲਾਨ
ਪਰਾਈਆਂ ਕੌਮਾਂ ਦਾ
ਅਹਾਤਾ